# ਜੀਵਨ ਸਰਦਾਰ
# ਸੇਵਾ ਸਿੰਘ ਠੀਕਰੀਵਾਲਾ

ਗੁਰਚਰਨ ਸਿੰਘ

Pb
923.254 5
T 347 G

ਪੰਜਾਬੀ ਯੂਨੀਵਰਸਿਟੀ ਪਟਿਆਲਾ
ਵਿਦਿਆ ਵੀਚਾਰੀ ਤਾਂ ਪਰਉਪਕਾਰੀ
PUNJABI UNIVERSITY PATIALA

P
923.254
5
T 347 G

ਪੰਜਾਬੀ ਯੂਨੀਵਰਸਿਟੀ ਪਟਿਆਲਾ

UTE OF
STUDY
SHIMLA

# ਜੀਵਨ
# ਸਰਦਾਰ ਸੇਵਾ ਸਿੰਘ ਠੀਕਰੀਵਾਲਾ

ਗੁਰਚਰਨ ਸਿੰਘ

ਪੰਜਾਬੀ ਯੂਨੀਵਰਸਿਟੀ ਪਟਿਆਲਾ

ਸਭ ਹੱਕ ਰਾਖਵੇਂ ਹਨ, 1971
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਪ੍ਰਿੰਸੀਪਲ ਗੁਰਚਰਨ ਸਿੰਘ
ਬ੍ਰਿਜੇਂਦਰ ਕਾਲਿਜ,
ਫਰੀਦਕੋਟ

P
923.254 5
T 347 G

77326
28/10/91

Library IIAS, Shimla
P 923.254 5 T 347 G
00077326

ਸ. ਅਮਰੀਕ ਸਿੰਘ, ਰਜਿਸਟ੍ਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੁਆਰਾ ਪ੍ਰਕਾਸ਼ਿਤ
ਅਤੇ ਵੀ. ਜੈਨ, ਲਾਲਿਮਾ ਪ੍ਰਿੰਟਰਜ਼, ਅੰਬਾਲਾ ਛਾਉਣੀ ਦੁਆਰਾ ਮੁਦ੍ਰਿਤ

# ਸਮਰਪਣ

ਮਾਲਵਾ ਸੂਰਬੀਰਾਂ, ਪ੍ਰਸਿੱਧ ਯੋਧਿਆਂ ਅਤੇ ਸ਼ਹੀਦਾਂ ਦੀ ਧਰਤੀ ਹੈ । ਇਸੇ ਪਵਿੱਤਰ ਧਰਤੀ ਉਪਰ ਵੱਡੇ ਘਲੂਘਾਰੇ ਵਿਚ ਦੇਸ਼ ਰੱਖਿਆ ਲਈ ਹਜ਼ਾਰਾਂ ਸੂਰਬੀਰਾਂ ਨੇ ਆਪਣਾ ਲਹੂ ਡੋਲ੍ਹਿਆ ਅਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ । ਇਥੋਂ ਹੀ ਬਾਬਾ ਆਲਾ ਸਿੰਘ ਵਰਗੇ ਪ੍ਰਸਿੱਧ ਯੋਧਿਆਂ ਨੇ ਹਮਲਾਵਰਾਂ ਨਾਲ ਖੰਡੇ ਖੜਕਾਏ ਤੇ ਆਪਣੀ ਆਜ਼ਾਦੀ ਕਾਇਮ ਰੱਖੀ ।

ਇਸ ਪਵਿੱਤਰ ਧਰਤੀ ਨੇ ਸ. ਸੇਵਾ ਸਿੰਘ ਸ਼ਹੀਦ ਠੀਕਰੀਵਾਲਾ ਨੂੰ ਜਨਮ ਦਿੱਤਾ । ਆਪ ਦੀ ਕੁਰਬਾਨੀ ਨੇ ਪੰਜਾਬ ਦੇ ਲੋਕਾਂ ਨੂੰ ਇਕ ਨਵੀਂ ਜ਼ਿੰਦਗੀ ਬਖ਼ਸ਼ੀ, ਉਨ੍ਹਾਂ ਵਿਚ ਇਕ ਨਵੀਂ ਆਤਮਾ ਜਗਾਈ । ਆਪ ਨੇ ਜਬਰ, ਜ਼ੁਲਮ, ਧੱਕੇਸ਼ਾਹੀ ਅਤੇ ਅਤਿਆਚਾਰਾਂ ਦਾ ਖਿੜੇ ਮੱਥੇ ਟਾਕਰਾ ਕੀਤਾ । ਉਨ੍ਹਾਂ ਦੀ ਸ਼ਹਾਦਤ ਦਾ ਇਕ ਸੁਨਹਿਰੀ ਪਹਿਲੂ ਇਹ ਵੀ ਸੀ ਕਿ ਜਿਨ੍ਹਾਂ ਲੋਕਾਂ ਨੇ ਉਨ੍ਹਾਂ ਉਪਰ ਜਬਰ ਕੀਤਾ, ਅਤਿਆਚਾਰ ਤੋੜੇ, ਉਨ੍ਹਾਂ ਦਾ ਵੀ ਉਨ੍ਹਾਂ ਨੇ ਸੁਖ ਹੀ ਮੰਗਿਆ ਤੇ ਆਖ਼ਰੀ ਦਮ ਤਕ ਕੋਈ ਮੈਲ ਦਿਲ ਵਿਚ ਨਾ ਆਉਣ ਦਿੱਤੀ ।

ਉਨ੍ਹਾਂ ਦੀ ਪਵਿੱਤਰ ਯਾਦ ਨੂੰ ਕਾਇਮ ਰੱਖਣ ਵਾਸਤੇ ਪੰਜਾਬੀ ਯੂਨੀਵਰਸਿਟੀ ਨੇ ਪਿਛਲੇ ਸਾਲ ਇਕ ਖੋਜ ਭਰਪੂਰ ਪੁਸਤਕ "ਜੀਵਨ ਸਰਦਾਰ ਸੇਵਾ ਸਿੰਘ ਠੀਕਰੀਵਾਲਾ" ਲਿਖਵਾਈ ਤਾਂ ਜੋ ਉਸ ਦੇ ਅਧਿਐਨ ਤੋਂ ਜਨਤਾ ਵਿੱਚ ਤੇ ਖ਼ਾਸ ਕਰਕੇ ਨੌਜਵਾਨਾਂ ਵਿਚ ਉਨ੍ਹਾਂ ਦੀ ਦ੍ਰਿੜਤਾ ਤੇ ਕੁਰਬਾਨੀਆਂ ਸ਼ਾਇਦ ਉਨ੍ਹਾਂ ਵਿਚ ਕਈ ਨਵੀਂ ਰੂਹ ਫੂਕ ਦੇਣ । ਸ. ਸੇਵਾ ਸਿੰਘ ਠੀਕਰੀ-ਵਾਲੇ ਨੇ ਇਹ ਸਿੱਧ ਕਰ ਵਿਖਾਇਆ ਸੀ ਕਿ ਸਿੱਖ ਸਿਆਸਤ ਸਿੱਖ ਧਰਮ ਰਾਹੀਂ ਹੀ ਸਿੱਖ ਕੌਮ ਨੂੰ ਉਚਿਆਂ ਲਿਜਾ ਸਕਦੀ ਹੈ । ਧਰਮ ਦੀ ਕਣੀ ਬਿਨਾਂ ਇਨਸਾਨ ਬੁਜ਼ਦਿਲ ਹੈ । ਗੱਲਾਂ ਨਾਲ, ਲੈਕਚਰਾਂ ਨਾਲ, ਦਿਮਾਗ਼ੀ ਚਲਾਕੀਆਂ ਨਾਲ ਅਸੀਂ ਜ਼ਾਲਿਮ ਤੇ ਜਾਬਰ ਤੇ ਪੱਕੀ ਤਰ੍ਹਾਂ ਹਾਵੀ ਨਹੀਂ ਹੋ ਸਕਦੇ।

ਇਸ ਸਾਲ ਆਪ ਦੇ ਸ਼ਹੀਦੀ ਸਮਾਰੋਹ ਦੇ ਮੌਕੇ ਉਪਰ ਉਸ ਪੁਸਤਕ ਦਾ ਸਾਰਾਂਸ਼ ਅੰਗ੍ਰੇਜ਼ੀ ਅਤੇ ਪੰਜਾਬੀ ਵਿਚ ਛਾਪਿਆ ਗਿਆ ਹੈ ਤਾਂ ਜੋ ਇਹ ਬਹੁਤੇ ਹੱਥਾਂ ਤਕ ਪੁੱਜ ਸਕੇ ਤੇ ਆਮ ਲੋਕ ਜੋ ਬਹੁਤੀ ਲੰਬੀ ਪੁਸਤਕ ਨਹੀਂ ਪੜ੍ਹ ਸਕਦੇ, ਉਹ ਵੀ ਆਪ ਦੇ ਅਦੁੱਤੀ ਜੀਵਨ ਤੋਂ ਪ੍ਰੇਰਣਾ ਲੈ ਸਕਣ ।

ਮੈਂ ਸ. ਗੁਰਚਰਨ ਸਿੰਘ, ਪ੍ਰਿੰਸੀਪਲ ਗੌਰਮਿੰਟ ਕਾਲਿਜ, ਫ਼ਰੀਦਕੋਟ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਬੜੀ ਮਿਹਨਤ, ਲਗਨ ਅਤੇ ਸੂਝ ਨਾਲ ਇਹ ਪੁਸਤਕਾਂ ਲਿਖੀਆਂ ਹਨ ।

ਮੈਂ ਯੂਨੀਵਰਸਿਟੀ ਵਲੋਂ ਕੀਤਾ ਹੋਇਆ ਇਹ ਨਿਮਾਣਾ ਜਿਹਾ ਯਤਨ ਸ਼ਹੀਦ ਦੀ ਯਾਦ ਨੂੰ ਸ਼ਰਧਾਪੂਰਵਕ ਸਮਰਪਣ ਕਰਨ ਵਿਚ ਇਕ ਖ਼ਾਸ ਖ਼ੁਸ਼ੀ ਮਹਿਸੂਸ ਕਰਦਾ ਹਾਂ ।

ਪਟਿਆਲਾ
**14 ਜਨਵਰੀ, 1971**

ਕ੍ਰਿਪਾਲ ਸਿੰਘ ਨਾਰੰਗ
ਵਾਈਸ-ਚਾਂਸਲਰ

# ਭੂਮਿਕਾ

ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਮਾਲਵੇ ਦੀ ਰਿਆਸਤੀ ਪਰਜਾ ਦੇ ਇਕ ਦਰਵੇਸ਼ ਲੀਡਰ ਅਤੇ ਜਾਗੀ ਹੋਈ ਆਤਮਾ ਸਨ। ਅਮੀਰ ਖ਼ਾਨਦਾਨ ਵਿਚੋਂ ਹੋਣ ਕਾਰਣ ਉਨ੍ਹਾਂ ਨੂੰ ਜੀਵਨ ਦੇ ਸਾਰੇ ਸੁਖ ਆਰਾਮ ਅਤੇ ਰਿਆਸਤੀ ਰਾਜ-ਦਰਬਾਰ ਵਿਚ ਪੂਰੀ ਪੂਰੀ ਇੱਜ਼ਤ ਤੇ ਸਨਮਾਨ ਵੀ ਪ੍ਰਾਪਤ ਸਨ। ਪਰ ਉਨ੍ਹਾਂ ਦੀ ਬਾਗ਼ੀ ਤਬੀਅਤ ਅਤੇ ਸਾਧੂ ਬਿਰਤੀ ਨੂੰ ਇਨ੍ਹਾਂ ਸਹੂਲਤਾਂ ਤੇ ਸੁਖ ਆਰਾਮ ਨੇ ਮਸਤ ਨਾ ਹੋਣ ਦਿੱਤਾ। ਇਸ ਲਈ ਫੁੱਲਾਂ ਵਿਚ ਪਲੀ ਹੋਈ ਇਹ ਜ਼ਿੰਦਗੀ ਜਨ-ਸੇਵਾ ਵਰਗੇ ਕੰਡਿਆਲੇ ਰਾਹਾਂ ਉਤੇ ਤੁਰ ਪਈ ਅਤੇ ਲੋਕਾਂ ਦੇ ਰਾਹਾਂ ਵਿਚੋਂ ਕੰਡੇ ਹੂੰਝਦੀ ਹੋਈ ਕੁਰਬਾਨ ਹੋ ਗਈ।

ਸਰਦਾਰ ਠੀਕਰੀਵਾਲਾ ਬੜੀ ਕੋਮਲ ਤਬੀਅਤ ਦੇ ਮਾਲਿਕ ਸਨ। ਗ਼ਰੀਬਾਂ ਅਤੇ ਮੁਜ਼ਾਰਿਆਂ ਦੀ ਭੈੜੀ ਹਾਲਤ ਅਤੇ ਹੋਰ ਸਮਾਜਕ ਕੁਰੀਤੀਆਂ ਦੇਖ ਕੇ ਉਨ੍ਹਾਂ ਦੇ ਦਿਲ ਵਿਚ ਇਕ ਅਥਾਹ ਦਰਦ ਪੈਦਾ ਹੋਇਆ। ਰਿਆਸਤੀ ਹੁਕਮਰਾਨਾਂ ਦੀਆਂ ਆਪ-ਹੁਦਰੀਆਂ, ਧੱਕੇਸ਼ਾਹੀਆਂ ਤੇ ਅਤਿਆਚਾਰਾਂ ਨੂੰ ਆਪ ਅੱਖੀਂ ਦੇਖ ਕੇ ਜਰ ਨਾ ਸਕੇ। ਖ਼ਤਰਿਆਂ ਦੀ ਪਰਵਾਹ ਨਾ ਕਰਦਿਆਂ ਆਪ ਲੋਕਾਂ ਦੇ ਕਲਿਆਣ ਤੇ ਆਜ਼ਾਦੀ ਲਈ ਘੋਲ ਦੇ ਮੈਦਾਨ ਵਿਚ ਨਿਤਰ ਪਏ। ਉਨ੍ਹਾਂ ਦਿਨਾਂ ਵਿਚ ਰਿਆਸਤੀ ਹੁਕਮਰਾਨਾਂ ਦੇ ਵਿਰੁੱਧ ਆਵਾਜ਼ ਉਠਾਉਣੀ ਬਿਲਕੁਲ ਮੌਤ ਅਤੇ ਨਰਕ ਨੂੰ ਸੱਦਾ ਦੇਣਾ ਸੀ। ਪਰ ਸਰਦਾਰ ਸੇਵਾ ਸਿੰਘ ਵਰਗੇ ਕਰਨੀ ਦੇ ਸੂਰਿਆਂ ਨੂੰ ਮੌਤ ਦੀ ਭਲਾ ਕੀ ਪਰਵਾਹ ਹੁੰਦੀ ਹੈ?

ਮੈਂ ਤਾਂ ਇਹ ਮਹਿਸੂਸ ਕਰਦਾ ਹਾਂ ਕਿ ਪੈਪਸੂ ਦੇ ਇਲਾਕਿਆਂ ਦੇ ਜਿਤਨੇ ਵੀ ਲੀਡਰ ਹਨ, ਭਾਵੇਂ ਉਹ ਕਿਸੇ ਵੀ ਪਾਰਟੀ ਦੇ ਹੋਣ, ਉਹ ਸ਼ਹੀਦ ਸਰਦਾਰ ਦੇ ਆਦਰਸ਼, ਥਾਪੜੇ ਅਤੇ ਪ੍ਰੇਰਣਾ ਦੀ ਉਪਜ ਹਨ।

ਇਹ ਚਿਰੋਕੀ ਲੋੜ ਸੀ ਕਿ ਅਜੇਹੇ ਮਹਾਂਪੁਰਸ਼ ਦੀ ਜ਼ਿੰਦਗੀ ਲੋਕਾਂ ਸਾਹਮਣੇ ਰੱਖੀ ਜਾਵੇ ਤਾਂ ਜੋ ਇਸ ਮਹਾਨ ਕੁਰਬਾਨੀ ਦਾ ਨੂਰ ਲੋਕ-ਦਿਲਾਂ ਦੇ ਨੁੱਕਰਾਂ-ਖੂੰਜਿਆਂ ਨੂੰ ਰੋਸ਼ਨ ਕਰ ਕੇ ਉਨ੍ਹਾਂ ਅੰਦਰ ਕੌਮ ਉਸਾਰੀ ਦਾ ਨਵਾਂ ਜੋਸ਼ ਭਰ ਦੇਵੇ। ਸਰਦਾਰ ਗੁਰਚਰਨ ਸਿੰਘ ਇਸ ਤੋਂ ਪਹਿਲਾਂ ਇਕ ਲੰਬੇਰੀ ਪੁਸਤਕ 'ਜੀਵਨ ਸਰਦਾਰ ਸੇਵਾ ਸਿੰਘ ਠੀਕਰੀਵਾਲਾ' ਲਿਖ ਚੁਕੇ ਹਨ। ਮੈਂ ਉਹ ਪੁਸਤਕ ਵੇਖੀ ਹੈ। ਉਨ੍ਹਾਂ ਨੇ ਬੜੀ ਮਿਹਨਤ ਨਾਲ ਇਸ ਵਿਚ ਦਿੱਤੀ ਗਈ ਸਾਮਗ੍ਰੀ ਨੂੰ ਛਾਣਿਆ, ਪੁਣਿਆ ਸੁਆਰਿਆ ਅਤੇ ਪੂਰੀ ਰੀਝ ਨਾਲ ਇਉਂ ਬੀੜਿਆ ਹੈ ਕਿ ਸ਼ਹੀਦ ਦੀ ਸਰਵ-ਪੱਖੀ ਸ਼ਖ਼ਸੀਅਤ ਪੂਰੀ ਤਰ੍ਹਾਂ ਨਾਲ ਉਜਾਗਰ ਹੋ ਸਕੇ। ਪਰ ਮੈਂ ਮਹਿਸੂਸ ਕਰਦਾ ਹਾਂ ਕਿ ਸਰਦਾਰ ਸੇਵਾ ਸਿੰਘ ਦੇ ਜੀਵਨ-ਆਦਰਸ਼ਾਂ ਦੇ ਪ੍ਰਭਾਵਸ਼ਾਲੀ ਪ੍ਰਚਾਰ ਲਈ ਇਕ ਛੁਟੇਰੇ ਆਕਾਰ ਦੀ ਪੁਸਤਕ ਦੀ ਲੋੜ ਹੈ ਜੋ ਪੰਜਾਬੀ ਤੋਂ ਛੁੱਟ ਹੋਰਾਂ ਭਾਸ਼ਾਵਾਂ ਵਿਚ ਵੀ ਛਪੇ ਅਤੇ ਜੋ ਜਨ-ਸਾਧਾਰਣ ਲਈ ਵੀ ਲਾਹੇਵੰਦ ਸਾਬਿਤ ਹੋਵੇ। ਮੈਨੂੰ ਖ਼ੁਸ਼ੀ ਹੈ ਕਿ ਹੁਣ

ਉਸ ਪੁਸਤਕ ਦਾ ਇਹ ਸੰਖਿਪਤ ਰੂਪ ਪੰਜਾਬੀ, ਅੰਗ੍ਰੇਜ਼ੀ ਤੇ ਹਿੰਦੀ ਵਿਚ ਛਪ ਰਿਹਾ ਹੈ ।

ਮੈਂ ਪੰਜਾਬੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਸ. ਕ੍ਰਿਪਾਲ ਸਿੰਘ ਨਾਰੰਗ ਨੂੰ ਵਧਾਈ ਦੇਂਦਾ ਹਾਂ । ਉਨ੍ਹਾਂ ਨੇ ਵੀਰ-ਨਾਇਕਾਂ ਦੀਆਂ ਜੀਵਨੀਆਂ ਦੀ ਲੜੀ ਵਿਚ ਇਹ ਪੁਸਤਕ ਲਿਖਵਾ ਕੇ ਜਿਥੇ ਸ਼ਹੀਦ ਦੀ ਆਤਮਾ ਨੂੰ ਸ਼ਰਧਾਂਜਲੀ ਅਰਪਣ ਕੀਤੀ ਹੈ, ਉਥੇ ਮਾਲਵੇ ਦੀ ਜਨਤਾ ਦੀਆਂ ਪੰਜਾਬੀ ਯੂਨੀਵਰਸਿਟੀ ਨਾਲ ਭਾਵਾਤਮਕ ਸਾਂਝਾਂ ਵੀ ਪੱਕੀਆਂ ਕੀਤੀਆਂ ਹਨ ।

ਮੈਂ ਆਸ ਕਰਦਾ ਹਾਂ ਕਿ ਇਹ ਪੁਸਤਕ ਸਾਡੇ ਨੌਜਵਾਨਾਂ ਨੂੰ ਦੇਸ਼-ਸੇਵਾ ਲਈ ਸਦਾ ਟੁੰਬਦੀ ਰਹੇਗੀ ।

ਸੁਰਜੀਤ ਸਿੰਘ,
ਸਿਖਿਆ ਤੇ ਭਾਸ਼ਾ ਮੰਤ੍ਰੀ,
ਪੰਜਾਬ, ਚੰਡੀਗੜ੍ਹ

# ਲੇਖਕ ਵਲੋਂ

ਪੰਜਾਬ ਵਾਸੀਆਂ ਨੂੰ ਇਸ ਗੱਲ ਉਤੇ ਬੜਾ ਗਰਵ ਹੈ ਕਿ ਉਨ੍ਹਾਂ ਦੀ ਪਾਵਨ-ਧਰਤੀ ਨੇ ਅਨੇਕਾਂ ਸੂਰਬੀਰਾਂ, ਸ਼ਹੀਦਾਂ, ਅਣਖੀਲੇ ਸਿਰਲੱਥ ਬਹਾਦਰਾਂ ਤੇ ਨਿਸ਼ਕਾਮ ਸੰਗ੍ਰਾਮੀਆਂ ਨੂੰ ਜਨਮ ਦਿੱਤਾ ਹੈ। ਪੋਰਸ ਤੋਂ ਲੈ ਕੇ ਸਰਦਾਰ ਭਗਤ ਸਿੰਘ ਤਕ ਇਹ ਲੜੀ ਨਿਰੰਤਰ ਤੁਰੀ ਆਉਂਦੀ ਹੈ। ਇਹ ਪੁਸਤਕ ਅਜੇਹੇ ਹੀ ਇਕ ਨਿਰਭੈ ਯੋਧੇ ਦੀ ਕਹਾਣੀ ਹੈ।

ਸ. ਸੇਵਾ ਸਿੰਘ ਠੀਕਰੀਵਾਲਾ ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਮਹਾਨ ਨੇਤਾ ਸਨ ਜਿਨ੍ਹਾਂ ਨੇ ਇਸ ਪਛੜੇ ਹੋਏ ਇਲਾਕੇ ਦੇ ਲੋਕਾਂ ਨੂੰ ਉਨ੍ਹਾਂ ਦੀ ਮਦਹੋਸ਼ੀ ਵਿਚੋਂ ਝੰਜੋੜਿਆ ਤੇ ਉਨ੍ਹਾਂ ਦੇ ਨੈਣਾਂ ਵਿਚ ਆਜ਼ਾਦੀ ਦੇ ਸੁਪਨੇ ਲਟਕਾਏ। ਅੱਜ ਦੇ ਸਾਰੇ ਪੰਜਾਬੀ, ਵਿਸ਼ੇਸ਼ ਕਰ ਕੇ ਭੂਤਪੂਰਵ ਰਿਆਸਤਾਂ ਦੇ ਵਸਨੀਕ ਸਰਦਾਰ ਸੇਵਾ ਸਿੰਘ ਦੀਆਂ ਮਿਹਰਾਂ ਤੇ ਕੁਰਬਾਨੀਆਂ ਦੇ ਹਮੇਸ਼ਾ ਰਿਣੀ ਰਹਿਣਗੇ। ਉਨ੍ਹਾਂ ਦਾ ਸ਼ਿਰੋਮਣੀ ਅਕਾਲੀ ਦਲ ਅਤੇ ਪਰਜਾ ਮੰਡਲ ਲਹਿਰ ਨਾਲ ਬਹੁਤ ਗੂੜ੍ਹਾ ਸੰਬੰਧ ਸੀ। ਮਾਲਵੇ ਵਿਚ ਅਕਾਲੀ ਲਹਿਰ ਉਨ੍ਹਾਂ ਕਰਕੇ ਹੀ ਵਧੀ ਫੁਲੀ। ਪਰਜਾ ਮੰਡਲ ਦੀ ਤਾਂ ਉਹ ਮਾਨੋ ਜਿੰਦ-ਜਾਨ ਸਨ। ਇਸ ਲਹਿਰ ਨੂੰ ਉਨ੍ਹਾਂ ਨੇ ਇਤਨਾ ਬਲਵਾਨ ਬਣਾਇਆ ਕਿ ਇਹ ਰਾਜੇ-ਮਹਾਰਾਜਿਆਂ ਦਾ ਟਾਕਰਾ ਕਰਨ ਦੇ ਯੋਗ ਹੋ ਗਈ। ਇਸ ਲਹਿਰ ਸਦਕਾ ਹੀ ਰਿਆਸਤਾਂ ਦੇ ਲੋਕਾਂ ਨੂੰ ਨਵਾਂ ਤੇ ਆਜ਼ਾਦ ਜੀਵਨ ਮਿਲਿਆ।

ਇਹ ਪੁਸਤਕ ਅਸਲ ਵਿਚ ਲੇਖਕ ਦੀ ਵਡੇਰੀ ਪੁਸਤਕ 'ਜੀਵਨ ਸਰਦਾਰ ਸੇਵਾ ਸਿੰਘ ਠੀਕਰੀਵਾਲਾ' ਦਾ ਸੰਖਿਪਤ ਰੂਪ ਹੈ। ਪੰਜਾਬ ਦੇ ਸਿਖਿਆ ਮੰਤ੍ਰੀ, ਸਰਦਾਰ ਸੁਰਜੀਤ ਸਿੰਘ ਨੇ ਅਪਾਰ ਕ੍ਰਿਪਾ ਕਰ ਕੇ ਪਹਿਲੀ ਪੁਸਤਕ ਦੀ ਭੂਮਿਕਾ ਲਿਖੀ ਸੀ। ਪਰ ਉਨ੍ਹਾਂ ਦਾ ਵਿਚਾਰ ਸੀ ਕਿ ਸਰਦਾਰ ਸੇਵਾ ਸਿੰਘ ਦੇ ਜੀਵਨ ਆਦਰਸ਼ਾਂ ਦੇ ਪ੍ਰਭਾਵਸ਼ਾਲੀ ਪ੍ਰਚਾਰ ਲਈ ਪੁਸਤਕ ਨੂੰ ਸੰਖਿਪਤ ਰੂਪ ਵਿਚ ਅਤੇ ਪੰਜਾਬੀ ਤੋਂ ਛੁੱਟ ਹੋਰ ਭਾਸ਼ਾਵਾਂ ਵਿਚ ਵੀ ਛਪਵਾਇਆ ਜਾਵੇ। ਮੈਨੂੰ ਖ਼ੁਸ਼ੀ ਹੈ ਕਿ ਮੈਂ ਉਨ੍ਹਾਂ ਦੀ ਇਸ ਖ਼ਾਹਿਸ਼ ਨੂੰ ਪੂਰਾ ਕਰਨ ਵਿਚ ਸਫਲ ਹੋ ਰਿਹਾ ਹਾਂ। ਹੁਣ ਇਹ ਛੁਟੇਰੀ ਪੁਸਤਕ ਪੰਜਾਬੀ ਤੋਂ ਇਲਾਵਾ ਹਿੰਦੀ ਤੇ ਅੰਗ੍ਰੇਜ਼ੀ ਵਿਚ ਛਪ ਰਹੀ ਹੈ। ਮੈਂ ਸਰਦਾਰ ਸੁਰਜੀਤ ਸਿੰਘ ਦਾ ਇਸ ਪੁਸਤਕ ਵਿਚ ਦਿਲਚਸਪੀ ਲੈਣ ਲਈ ਰਿਣੀ ਹਾਂ।

ਮੈਂ ਉਨ੍ਹਾਂ ਸਾਰੇ ਸਜਨਾਂ—ਵਿਸ਼ੇਸ਼ ਕਰਕੇ ਸਰਦਾਰ ਕ੍ਰਿਪਾਲ ਸਿੰਘ ਨਾਰੰਗ, ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ—ਦਾ ਵੀ ਰਿਣੀ ਹਾਂ ਜਿਨ੍ਹਾਂ ਨੇ ਮੈਨੂੰ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਪ੍ਰੇਰਣਾ ਤੇ ਸਹਾਇਤਾ ਦਿੱਤੀ।

ਗੁਰਚਰਨ ਸਿੰਘ

ਬ੍ਰਿਜੇਂਦਰ ਕਾਲਿਜ, ਫਰੀਦਕੋਟ,
ਅਕਤੂਬਰ, 1970

# ਜੀਵਨ ਸਰਦਾਰ ਸੇਵਾ ਸਿੰਘ ਠੀਕਰੀਵਾਲਾ

ਸੁਤੰਤਰਤਾ-ਸੰਗ੍ਰਾਮ ਵਿਚ ਜੂਝਣ ਵਾਲੇ ਯੋਧਿਆਂ ਦੀ ਕਹਾਣੀ ਸਰਦਾਰ ਸੇਵਾ ਸਿਘ ਠੀਕਰੀਵਾਲੇ ਦੇ ਜ਼ਿਕਰ ਤੋਂ ਬਿਨਾਂ ਹਮੇਸ਼ਾ ਅਧੂਰੀ ਰਹੇਗੀ। ਉਹ ਅਜਿਹੇ ਸਿਰਲੱਥ-ਸੂਰਬੀਰਾਂ ਦੇ ਕਾਫ਼ਿਲੇ ਵਿਚੋਂ ਸਨ ਜਿਨ੍ਹਾਂ ਨੇ ਇਕ ਪਾਸੇ ਸਮੁੱਚੇ ਸਿੱਖ ਪੰਥ ਵਿਚ ਜਾਗ੍ਰਤੀ ਲਿਆਉਣ ਦੇ ਉਪਰਾਲੇ ਕੀਤੇ ਅਤੇ ਦੂਜੇ ਪਾਸੇ ਦੇਸੀ ਰਿਆਸਤਾਂ ਵਿਚ ਹੁਕਮਰਾਨਾਂ ਦੇ ਜ਼ੁਲਮਾਂ ਹੇਠ ਕੁਚਲੀ ਜਾ ਰਹੀ ਜਨਤਾ ਨੂੰ ਉਨ੍ਹਾਂ ਦੇ ਜਮਾਂਦਰੂ ਹੱਕ, ਆਜ਼ਾਦੀ ਤੋਂ ਸੂਚਿਤ ਕਰ ਕੇ ਉਨ੍ਹਾਂ ਦੇ ਦਿਲਾਂ ਅੰਦਰ ਆਤਮ ਵਿਸ਼ਵਾਸ ਦੀ ਜੋਤ ਜਗਾਈ। ਉਨ੍ਹਾਂ ਦੀ ਮਹਾਨ ਘਾਲਣਾ ਤੇ ਆਤਮ ਬਲੀਦਾਨ ਨੇ 18ਵੀਂ ਸਦੀ ਦੇ ਉਨ੍ਹਾਂ ਸਿੰਘਾਂ ਦੀ ਯਾਦ ਸਾਡੇ ਦਿਲਾਂ ਵਿਚ ਤਾਜ਼ਾ ਕਰ ਦਿੱਤੀ ਜਿਨ੍ਹਾਂ ਨੇ ਹਾਕਿਮਾਂ ਦੇ ਅਤਿਆਚਾਰਾਂ ਵਿਰੁੱਧ ਅਨੇਕ ਪ੍ਰਕਾਰ ਦੇ ਤਸੀਹੇ ਸਹਾਰਦੇ ਹੋਏ, ਖ਼ੁਸ਼ੀ ਨਾਲ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ ਸਨ।

### ਮੁਢਲਾ ਜੀਵਨ

ਸਰਦਾਰ ਸੇਵਾ ਸਿੰਘ ਜੀ ਦਾ ਖ਼ਾਨਦਾਨ ਰਿਆਸਤ ਪਟਿਆਲਾ ਦੇ ਪੁਰਾਣੇ ਖ਼ਾਨਦਾਨਾਂ ਵਿਚੋਂ ਹੈ ਜਿਸ ਦੇ ਰੁਕਨ ਮਹਾਰਾਜਾ ਅਮਰ ਸਿੰਘ (1765-1981) ਦੇ ਸਮੇਂ ਤੋਂ ਰਿਆਸਤ ਦੇ ਉੱਚੇ ਪਦਾਂ ਤੇ ਸੁਸ਼ੋਭਿਤ ਰਹੇ ਸਨ। ਇਨ੍ਹਾਂ ਦੇ ਪਿਤਾ ਸਰਦਾਰ ਦੇਵਾ ਸਿੰਘ ਜੀ ਰਿਆਸਤ ਪਟਿਆਲੇ ਦੇ ਉੱਘੇ ਰਈਸਾਂ ਵਿਚੋਂ ਸਨ। ਇਨ੍ਹਾਂ ਦੀ ਮਾਤਾ ਜੀ ਦਾ ਨਾਂ ਬੀਬੀ ਹਰਿ ਕੌਰ ਸੀ। ਸਰਦਾਰ ਸੇਵਾ ਸਿੰਘ ਦਾ ਜਨਮ 1882 ਈਸਵੀ ਵਿਚ ਹੋਇਆ। ਕਿਉਂਜੋ ਸਰਦਾਰ ਜੀ ਦੇ ਪਿਤਾ ਅਕਸਰ ਮਹਾਰਾਜਾ ਰਾਜਿੰਦਰ ਸਿੰਘ (1876-1900) ਦੇ ਹਜ਼ੂਰ ਵਿਚ ਰਹਿੰਦੇ ਸਨ, ਇਸ ਲਈ ਸਰਦਾਰ ਸੇਵਾ ਸਿੰਘ ਜੀ ਦਾ ਮੁਢਲਾ ਜੀਵਨ ਪਟਿਆਲੇ ਵਿਚ ਹੀ ਬਤੀਤ ਹੋਇਆ ਜਿਥੇ ਉਨ੍ਹਾਂ ਨੇ ਮਾਡਲ ਸਕੂਲ, ਪਟਿਆਲਾ ਵਿਚ ਸੱਤਵੀਂ ਜਾਂ ਅੱਠਵੀਂ ਜਮਾਤ ਤੀਕ ਸਿਖਿਆ ਪ੍ਰਾਪਤ ਕੀਤੀ। ਉਸ ਵੇਲੇ ਇਹ ਸਕੂਲ ਮਹਿੰਦਰਾ ਕਾਲਿਜ ਦੇ ਇਕ ਬਲਾਕ ਵਿਚ ਹੁੰਦਾ ਸੀ। ਉਨ੍ਹਾਂ ਨੇ ਉਰਦੂ, ਫ਼ਾਰਸੀ, ਪੰਜਾਬੀ ਤੇ ਕੁਝ ਅੰਗ੍ਰੇਜ਼ੀ ਦਾ ਅਧਿਐਨ ਕੀਤਾ। ਉਨ੍ਹਾਂ ਦੀ ਉਰਦੂ ਦੀ ਲਿਖਾਈ ਬਹੁਤ ਸੁੰਦਰ ਸੀ। ਬਾਅਦ ਵਿਚ ਸਰਦਾਰ ਸੇਵਾ ਸਿੰਘ ਜੀ ਨੂੰ ਉਸ ਵੇਲੇ ਦੇ ਰਿਵਾਜ ਅਨੁਸਾਰ ਮਹਾਰਾਜਾ ਰਾਜਿੰਦਰ ਸਿੰਘ ਨੇ ਆਪਣੇ ਮੁਸਾਹਿਬਾਂ ਵਿਚ ਲੈ ਲਿਆ।

ਮਹਾਰਾਜਾ ਰਾਜਿੰਦਰ ਸਿੰਘ ਦੇ 1900 ਈ. ਵਿਚ ਚਲਾਣਾ ਕਰ ਜਾਣ ਵੇਲੇ ਉਨ੍ਹਾਂ ਦੇ ਪੁੱਤਰ ਸ੍ਰੀ ਭੂਪਿੰਦਰ ਸਿੰਘ ਦੀ ਆਯੂ ਕੇਵਲ 10 ਸਾਲ ਸੀ ਜਿਸ ਕਰਕੇ ਰਾਜ ਸਰਕਾਰ ਦਾ ਕੰਮ ਇਕ ਰਿਜੈਂਸ਼ੀ ਕੌਂਸਿਲ ਦੇ ਸਪੁਰਦ ਕਰ ਦਿੱਤਾ ਗਿਆ ਅਤੇ ਮੁਹਾਸਿਬਾਂ ਦੀ ਕਟੌਤੀ ਕਰ ਦਿੱਤੀ ਗਈ। ਪਰ ਸਰਦਾਰ ਸੇਵਾ ਸਿਘ ਨੂੰ ਤਲਬ ਮਿਲਦੀ ਰਹੀ। ਇਸ ਸਮੇਂ ਸਰਦਾਰ ਸਾਹਿਬ ਦੀ ਆਯੂ ਲਗਭਗ 22 ਵਰ੍ਹਿਆਂ ਦੀ ਸੀ। ਲਗਭਗ ਇਸ ਸਮੇਂ ਸਰਦਾਰ ਜੀ ਨੂੰ

ਰਿਆਸਤ ਦੇ ਸਿਹਤ ਵਿਭਾਗ ਵਿਚ ਬਰਨਾਲੇ ਦੇ ਜ਼ਿਲ੍ਹੇ ਦਾ ਪਲੇਗ ਅਫ਼ਸਰ ਬਣਾ ਦਿੱਤਾ ਗਿਆ । 1905 ਵਿਚ ਜਦੋਂ ਪਟਿਆਲੇ ਸ਼ਹਿਰ ਵਿਚ ਅਤੇ ਹੋਰ ਥਾਵਾਂ ਤੇ ਪਲੇਗ ਦੀ ਬੀਮਾਰੀ ਜ਼ੋਰਾਂ ਨਾਲ ਫੈਲ ਗਈ, ਤਾਂ ਸਰਦਾਰ ਸੇਵਾ ਸਿੰਘ ਜੀ ਨੇ ਲੋਕਾਂ ਦੇ ਬਚਾਉ ਲਈ ਤਨ ਮਨ ਨਾਲ ਸੇਵਾ ਕੀਤੀ ਜਿਸ ਨਾਲ ਸੈਂਕੜੇ ਵਿਅਕਤੀਆਂ ਦੀਆਂ ਜਾਨਾਂ ਬਚ ਗਈਆਂ । ਕੁਝ ਚਿਰ ਸਰਕਾਰੀ ਨੌਕਰੀ ਕਰ ਕੇ ਸਰਦਾਰ ਜੀ ਆਪਣੇ ਪਿੰਡ ਠੀਕਰੀਵਾਲੇ ਵਾਪਸ ਚਲੇ ਗਏ । ਹੁਣ ਉਹ ਤਨੋ ਮਨੋ ਇਲਾਕੇ ਦੀ ਸੇਵਾ ਵਿਚ ਜੁਟ ਗਏ ।

### ਗ੍ਰਿਹਸਥ ਤੇ ਪਰਿਵਾਰ

ਉਸ ਸਮੇਂ ਦੇ ਰਿਵਾਜ ਅਨੁਸਾਰ ਸਰਦਾਰ ਜੀ ਦੀ ਸ਼ਾਦੀ ਬਚਪਨ ਵਿਚ ਹੀ ਹੋ ਗਈ ਸੀ । ਉਨ੍ਹਾਂ ਦੀ ਪਹਿਲੀ ਸ਼ਾਦੀ 13 ਸਾਲ ਦੀ ਆਯੂ ਵਿਚ ਬੀਬੀ ਕਰਤਾਰ ਕੌਰ ਨਾਲ ਹੋਈ ਜੋ ਪਿੰਡ ਭੱਟੀਆਂ ਦੇ ਇਕ ਰਈਸ ਘਰਾਣੇ ਵਿਚੋਂ ਸਨ । ਬਦਕਿਸਮਤੀ ਨੂੰ ਇਨ੍ਹਾਂ ਦੀ ਕੁੱਖੋਂ ਜੋ ਔਲਾਦ ਪੈਦਾ ਹੋਈ, ਉਹ ਛੋਟੀ ਉਮਰ ਵਿਚ ਹੀ ਚੜ੍ਹਾਈ ਕਰ ਗਈ । ਕੁਝ ਚਿਰ ਪਿਛੋਂ ਸਰਦਾਰ ਜੀ ਨੇ ਦੂਸਰੀ ਸ਼ਾਦੀ ਪਿੰਡ ਕਾਤਰੋਂ ਦੀ ਬੀਬੀ ਭਗਵਾਨ ਕੌਰ ਨਾਲ ਕੀਤੀ । ਇਸ ਸ਼ਾਦੀ ਵਿਚੋਂ ਦੋ ਕਾਕਿਆਂ ਦਾ ਜਨਮ ਹੋਇਆ ਜੋ ਛੋਟੀ ਆਯੂ ਵਿਚ ਹੀ ਕਾਲਵਾਸ ਹੋ ਗਏ । ਇਸ ਸ਼ਾਦੀ ਵਿਚੋਂ ਇਕ ਬੀਬੀ ਗੁਰਚਰਨ ਕੌਰ ਨੇ ਵੀ ਜਨਮ ਲਿਆ ਜਿਨ੍ਹਾਂ ਦੀ ਸ਼ਾਦੀ 16 ਜੁਲਾਈ, 1933 ਨੂੰ ਰਿਆਸਤ ਪਟਿਆਲਾ ਦੇ ਪ੍ਰਸਿੱਧ ਰਈਸ, ਸਰਦਾਰ ਹਰਚੰਦ ਸਿੰਘ ਜੇਜੀ ਦੇ ਸੁਪੁੱਤਰ ਸਰਦਾਰ ਵਜ਼ੀਰ ਸਿੰਘ ਜੇਜੀ ਨਾਲ ਹੋਈ ।

### ਲੋਕ ਸੇਵਾ ਦਾ ਆਰੰਭ

ਜਿਵੇਂ ਅਸੀਂ ਉਤੇ ਦੱਸ ਆਏ ਹਾਂ, ਸਰਦਾਰ ਜੀ ਨੇ ਠੀਕਰੀਵਾਲੇ ਆ ਕੇ ਸੇਵਾ ਦਾ ਨਵਾਂ ਕੰਮ ਛੋਹ ਲਿਆ ਸੀ । ਉਨ੍ਹਾਂ ਦੀਆਂ ਰੁਚੀਆਂ ਬੁਨਿਆਦੀ ਤੌਰ ਤੇ ਧਾਰਮਿਕ ਸਨ । ਇਸ ਲਈ ਉਨ੍ਹਾਂ ਨੇ ਸਿੱਖ ਸੰਗਤਾਂ ਵਿਚ ਪ੍ਰਚਾਰ ਅਤੇ ਸੁਧਾਰ ਦਾ ਕੰਮ ਜ਼ੋਰਾਂ ਨਾਲ ਸ਼ੁਰੂ ਕਰ ਦਿੱਤਾ । ਵਾਸਤਵ ਵਿਚ, ਉਨ੍ਹੀ ਦਿਨੀਂ ਸਾਰੇ ਦੇਸ਼ ਅੰਦਰ ਸੁਧਾਰ ਦਾ ਵਾਤਾਵਰਣ ਬਣਿਆ ਹੋਇਆ ਸੀ ਅਤੇ ਧਾਰਮਿਕ ਜੋਸ਼ ਹਰ ਪਾਸੀਂ ਠਾਠਾਂ ਮਾਰ ਰਿਹਾ ਸੀ । ਉਨ੍ਹੀਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਸਿੰਘ ਸਭਾ ਲਹਿਰ ਨੇ ਪੰਜਾਬ ਵਿਚ ਸਿੱਖਾਂ ਨੂੰ ਇਕ ਨਵਾਂ ਧਾਰਮਿਕ ਉਤਸਾਹ ਅਤੇ ਨਵੀਂ ਚੇਤਨਤਾ ਪ੍ਰਦਾਨ ਕੀਤੀ ਸੀ । ਪਰੰਤੂ ਇਸ ਲਹਿਰ ਦੇ ਪ੍ਰਭਾਵ ਸਿੱਖ ਰਿਆਸਤਾਂ ਵਿਚ ਚਿਰਕੇ ਹੀ ਅਨੁਭਵ ਹੋਏ । ਇਸ ਨਵੀਂ ਸੁਧਾਰ ਲਹਿਰ ਨੂੰ ਰਿਆਸਤੀ ਦੁਨੀਆ, ਵਿਸ਼ੇਸ਼ ਕਰਕੇ ਰਿਆਸਤ ਪਟਿਆਲਾ ਵਿਚ ਲਿਆਉਣ ਦਾ ਸਿਹਰਾ ਸਰਦਾਰ ਸੇਵਾ ਸਿੰਘ ਜੀ ਦੇ ਸਿਰ ਹੈ । ਉਨ੍ਹਾਂ ਨੇ ਬੜੀ ਲਗਨ ਨਾਲ ਬਰਨਾਲੇ ਅਤੇ ਰਿਆਸਤ ਪਟਿਆਲਾ ਦੇ ਹੋਰਨਾਂ ਇਲਾਕਿਆਂ ਵਿਚ ਦੌਰੇ ਕਰ ਕੇ ਸਿੱਖੀ ਪ੍ਰਚਾਰ ਸ਼ੁਰੂ ਕੀਤਾ ।

ਧਾਰਮਿਕ ਪ੍ਰਚਾਰ ਤੋਂ ਬਿਨਾਂ ਆਪ ਨੇ ਸਮਾਜਕ ਅਤੇ ਵਿਦਿਅਕ ਉੱਨਤੀ ਵਲ ਵੀ ਪੂਰਾ ਧਿਆਨ ਦਿੱਤਾ । ਇਸ ਸਮੇਂ ਉਨ੍ਹਾਂ ਨੇ ਬਹੁਤ ਸਾਰੀਆਂ ਸਮਾਜਕ ਕੁਰੀਤੀਆਂ ਨੂੰ ਦੂਰ ਕਰਨ ਦੇ ਸਿਰਤੋੜ ਯਤਨ ਕੀਤੇ । ਵਿਸ਼ੇਸ਼ ਕਰਕੇ ਵਿਆਹ ਸ਼ਾਦੀਆਂ ਦੀਆਂ ਖ਼ਰਚੀਲੀਆਂ

ਰਸਮਾਂ ਨੂੰ ਹਟਾਉਣ ਦਾ ਪ੍ਰਚਾਰ ਕੀਤਾ । ਇਸ ਤੋਂ ਬਿਨਾਂ, ਸ਼ਰਾਬ ਅਤੇ ਹੋਰ ਨਸ਼ਿਆਂ ਦੇ ਵਿਰੁੱਧ ਵੀ ਲੋਕਾਂ ਨੂੰ ਖ਼ਬਰਦਾਰ ਕਰਦੇ ਰਹੇ । ਮੁਜ਼ਾਰਿਆਂ ਲਈ ਵੀ ਇਨ੍ਹਾਂ ਨੇ ਬਹੁਤ ਕੁਝ ਕੀਤਾ । ਇਨ੍ਹਾਂ ਨੇ ਉਹ ਸਾਰੀ ਭੋਂ ਜੋ ਇਨ੍ਹਾਂ ਪਾਸ ਬਜ਼ੁਰਗਾਂ ਦੇ ਸਮਿਆਂ ਤੋਂ ਗਹਿਣੇ ਤੁਰੀ ਆ ਰਹੀ ਸੀ, ਕੇਵਲ ਨਾਂ-ਮਾਤਰ ਇਵਜ਼ਾਨਾ ਲੈ ਕੇ ਵਾਪਸ ਕਰ ਦਿੱਤੀ ਜਿਸ ਨਾਲ ਸਰਦਾਰ ਸਾਹਿਬ ਨੇ ਆਪਣੀ ਸੁਹਿਰਦਤਾ ਤੇ ਮੁਜ਼ਾਰਾ-ਹਿਤੈਸ਼ੀ ਹੋਣ ਦਾ ਅਮਲੀ ਸਬੂਤ ਦਿੱਤਾ । ਉਨ੍ਹਾਂ ਦੀ ਜ਼ਿੰਦਗੀ ਦੇ ਦਸ ਸਾਲ (ਲਗਭਗ 1910 ਤੋਂ 1920 ਤਕ) ਅਜਿਹੇ ਉਸਾਰੂ ਕੰਮ ਵਿਚ ਲੱਗੇ । ਇਸ ਸਮਾਜਕ ਸੇਵਾ ਦੇ ਫਲਸਰੂਪ ਸਰਦਾਰ ਸੇਵਾ ਸਿੰਘ ਜੀ ਸਾਡੇ ਇਲਾਕੇ ਵਿਚ ਹਰਮਨ ਪਿਆਰੇ ਤੇ ਉੱਘੇ ਨੇਤਾ ਬਣ ਗਏ ।

**ਪੰਥਕ ਸੇਵਾ ਤੇ ਧਰਮ-ਪਿਆਰ**

ਆਪ ਦੀਆਂ ਵਿਸ਼ੇਸ਼ ਤੇ ਮਹੱਤ੍ਵਪੂਰਣ ਸੇਵਾਵਾਂ ਵਿਚੋਂ ਸਭ ਤੋਂ ਪਹਿਲੀ ਅਤੇ ਵੱਡੀ ਸੇਵਾ ਇਹ ਸੀ ਕਿ ਉਨ੍ਹਾਂ ਨੇ ਆਪਣੇ ਪਿੰਡ ਵਿਚ ਕਈ ਦੀਵਾਨ ਸਜਾ ਕੇ ਪੰਥ ਦੇ ਉੱਘੇ ਵਿਦਵਾਨਾਂ ਨੂੰ ਪ੍ਰਚਾਰ ਲਈ ਸੱਦਾ ਦਿੱਤਾ । ਉਨ੍ਹਾਂ ਨੇ ਆਪਣੀ ਹਵੇਲੀ ਦੇ ਸਾਹਮਣੇ ਭਾਈ ਮਲ ਸਿੰਘ ਦੇ ਇਕ ਕੱਚੇ ਮਕਾਨ ਵਿਚ ਇਕ ਗੁਰਦੁਆਰਾ ਬਣਾਇਆ । ਇਸ ਤੋਂ ਬਿਨਾਂ ਉਨ੍ਹਾਂ ਨੇ ਇਲਾਕੇ ਦੇ ਬਹੁਤ ਸਾਰੇ ਨੌਜਵਾਨਾਂ ਨੂੰ ਅਮ੍ਰਿਤ ਪਾਨ ਕਰਾ ਕੇ ਪੂਰਣ ਸਿੰਘ ਸਜਾਇਆ । ਉਨ੍ਹਾਂ ਨੇ ਇਸੇ ਗੁਰਦੁਆਰੇ ਵਿਚ ਗੁਰਮੁਖੀ ਪੜ੍ਹਾਉਣ ਲਈ ਪ੍ਰਬੰਧ ਵੀ ਕੀਤਾ ਜਿਸ ਦਾ ਸਾਰਾ ਖ਼ਰਚ ਉਹ ਬਹੁਤ ਦੇਰ ਤਕ ਜੇਬ ਵਿਚੋਂ ਦਿੰਦੇ ਰਹੇ । ਉਨ੍ਹਾਂ ਨੇ ਆਨੰਦ ਕਾਰਜ ਦੀ ਰਸਮ ਨੂੰ ਵੀ ਇਸ ਇਲਾਕੇ ਵਿਚ ਇਸ ਸਮੇਂ ਪ੍ਰਚਾਰਿਆ ।

ਇਧਰ 1909 ਵਿਚ ਭੂਪਿੰਦਰ ਸਿੰਘ ਨੂੰ ਰਾਜ ਅਧਿਕਾਰ ਮਿਲ ਚੁਕੇ ਸਨ । ਉਨ੍ਹਾਂ ਨੇ ਸਰਦਾਰ ਸਾਹਿਬ ਨੂੰ ਜ਼ਿਲ੍ਹਾ ਬਰਨਾਲੇ ਦੇ ਪਲੇਗ ਅਫ਼ਸਰ ਅਤੇ ਜ਼ੈਲਦਾਰ ਪਰਗਨਾ ਬਣਾਉਣ ਦਾ ਫ਼ਰਮਾਨ ਸ਼ਾਹੀ ਜਾਰੀ ਕਰ ਕੇ ਆਪ ਨੂੰ ਦੋਵੇਂ ਪਦਵੀਆਂ ਤੇ ਨਿਯੁਕਤ ਕਰ ਦਿੱਤਾ । ਇਸ ਤੋਂ ਬਾਅਦ ਸਰਦਾਰ ਜੀ ਇਹ ਕੰਮ ਜਨਤਾ ਦੀ ਭਲਾਈ ਹਿਤ ਕਈ ਸਾਲ ਕਰਦੇ ਰਹੇ । ਉਹ ਆਪਣੀ ਘੋੜੀ ਤੇ ਚੜ੍ਹ ਕੇ ਪਿੰਡ ਪਿੰਡ ਦਾ ਦੌਰਾ ਕਰਿਆ ਕਰਦੇ ਸਨ ਅਤੇ ਵੱਧ ਤੋਂ ਵੱਧ ਲੋਕਾਂ ਦੇ ਪਲੇਗ ਦੇ ਟੀਕੇ ਲਗਾਉਂਦੇ ਸਨ । ਇਨ੍ਹਾਂ ਦੇ ਯਤਨਾਂ ਕਰਕੇ ਇਸ ਇਲਾਕੇ ਵਿਚ ਨਾਮੁਰਾਦ ਬੀਮਾਰੀ ਦਾ ਨਾਂ-ਨਿਸ਼ਾਨ ਹੀ ਮਿਟ ਗਿਆ । ਸਰਦਾਰ ਸਾਹਿਬ ਇਹ ਨੌਕਰੀ 1917-18 ਤਕ ਕਰਦੇ ਰਹੇ ।

1915 ਵਿਚ ਸਰਦਾਰ ਸੇਵਾ ਸਿੰਘ ਜੀ ਨੇ ਆਪਣੇ ਪਿੰਡ ਵਿਚ ਸਿੰਘ ਸਭਾ ਦਾ ਇਕ ਹੋਰ ਵੱਡਾ ਦੀਵਾਨ ਸਜਾਇਆ ਜਿਸ ਵਿਚ ਬਹੁਤ ਭਾਰੀ ਇਕੱਠ ਕੀਤਾ ਗਿਆ । ਇਸੇ ਦੀਵਾਨ ਵਿਚ ਇਹ ਗੁਰਮਤਾ ਪਾਸ ਕੀਤਾ ਗਿਆ ਕਿ ਉਸ ਪਵਿੱਤਰ ਥਾਂ ਤੇ ਜਿਥੇ 18ਵੀਂ ਸਦੀ ਵਿਚ ਨਵਾਬ ਕਪੂਰ ਸਿੰਘ ਬਿਰਾਜਮਾਨ ਹੋਏ ਸਨ, ਇਕ ਗੁਰਦੁਆਰਾ ਬਣਾਇਆ ਜਾਵੇ । ਇਸ ਇਮਾਰਤ ਦੀ ਉਸਾਰੀ ਲਈ ਛੇਤੀ ਹੀ ਇਕ ਲੱਖ ਰੁਪਏ ਦੀ ਭਾਰੀ ਰਕਮ ਜਮ੍ਹਾ ਹੋ ਗਈ । ਇਸ ਕਾਰਜ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਸਰਦਾਰ ਸੇਵਾ ਸਿੰਘ ਜੀ ਨੂੰ ਸੌਂਪੀ ਗਈ ।

ਇਹ ਗੁਰਦੁਆਰਾ ਛੇਤੀ ਹੀ ਤਿਆਰ ਹੋ ਗਿਆ। ਕੁਝ ਚਿਰ ਪਿਛੋਂ ਠੀਕਰੀਵਾਲੇ ਵਿਚ ਅਕਾਲੀ ਅਤੇ ਪਰਜਾ-ਮੰਡਲ ਲਹਿਰਾਂ ਸ਼ੁਰੂ ਹੋਈਆਂ ਤਾਂ ਇਹ ਗੁਰਦੁਆਰਾ ਹੀ ਇਨ੍ਹਾਂ ਲਹਿਰਾਂ ਦਾ ਘਰ ਬਣਿਆ।

## ਮਹਾਰਾਜਾ ਪਟਿਆਲਾ ਨਾਲ ਵਿਗਾੜ

ਸਰਦਾਰ ਸਾਹਿਬ ਦੀਆਂ ਇਹ ਸਰਗਰਮੀਆ ਮਹਾਰਾਜਾ ਪਟਿਆਲਾ ਨੂੰ, ਜੇਹਾ ਕਿ ਸੁਭਾਵਕ ਹੀ ਸੀ, ਮੂਲੋਂ ਨਾ ਭਾਈਆਂ ਅਤੇ 1917-18 ਤਕ ਦੋਹਾਂ ਦੇ ਸੰਬੰਧ ਬਿਲਕੁਲ ਵਿਗੜ ਗਏ। ਉਧਰ ਰਾਜਨੀਤੀ ਵੀ ਨਵੀਂਆਂ ਕਰਵਟਾਂ ਲੈ ਰਹੀ ਸੀ। ਪੰਜਾਬ ਵਿਚ ਅਕਾਲੀ ਲਹਿਰ ਦਾ ਮੁੱਢ ਬੱਝ ਚੁਕਾ ਸੀ। ਜਲ੍ਹਿਆਂ ਵਾਲੇ ਬਾਗ਼ ਦੇ ਸਾਕੇ ਨੇ ਤਾਂ ਸਾਰੇ ਭਾਰਤ ਨੂੰ ਹਲੂਣ ਦਿੱਤਾ ਸੀ। ਇਨ੍ਹਾਂ ਘਟਨਾਵਾਂ ਦਾ ਸਰਦਾਰ ਸੇਵਾ ਸਿੰਘ ਠੀਕਰੀਵਾਲੇ ਦੇ ਕੋਮਲ ਹਿਰਦੇ ਤੇ ਡੂੰਘਾ ਪ੍ਰਭਾਵ ਪਿਆ। ਉਨ੍ਹਾਂ ਨੇ ਸ਼ਹੀਦ ਹੋਏ ਸਿੰਘਾਂ ਨਾਲ ਹਮਦਰਦੀ ਵਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਜ ਅਖੰਡ ਪਾਠਾਂ ਦਾ ਭੋਗ ਠੀਕਰੀਵਾਲੇ ਦੇ ਗੁਰਦੁਆਰੇ ਵਿਚ ਪਾਇਆ। ਇਨ੍ਹਾਂ ਅਖੰਡ ਪਾਠਾਂ ਵਿਚ ਦੂਰ ਦੂਰ ਤੋਂ ਸੰਗਤਾਂ ਆਈਆਂ ਜਿਸ ਨਾਲ ਇਨ੍ਹਾਂ ਘਟਨਾਵਾਂ ਸੰਬੰਧੀ ਆਮ ਜਨਤਾ ਦੇ ਦਿਲਾਂ ਵਿਚ ਜਾਗ੍ਰਤੀ ਪੈਦਾ ਹੋਣੀ ਜ਼ਰੂਰੀ ਸੀ।

## ਕੌਮੀ ਸੰਘਰਸ਼ ਲਈ ਪ੍ਰੇਰਣਾ

ਇਸ ਤੋਂ ਬਿਨਾਂ ਉਨ੍ਹਾਂ ਨੇ ਬਰਨਾਲਾ ਤਹਿਸੀਲ ਦੇ ਲਗਭਗ ਸਾਰੇ ਪਿੰਡਾਂ ਦੇ ਲੋਕਾਂ ਨੂੰ ਇਕੱਠੇ ਕਰ ਕੇ ਕੌਮੀ ਸੰਘਰਸ਼ ਲਈ ਜਥੇਬੰਦ ਹੋਣ ਲਈ ਪ੍ਰੇਰਿਆ। ਉਨ੍ਹਾਂ ਨੇ ਲੋਕਾਂ ਨੂੰ ਕੌਮੀ ਖ਼ਰਚ ਲਈ ਸਾਂਝੇ ਫੰਡ ਖੋਲ੍ਹਣ ਲਈ ਵੀ ਰਜ਼ਾਮੰਦ ਕੀਤਾ। ਇਸ ਸੁਝਾਉ ਦਾ ਲੋਕਾਂ ਤੇ ਭਾਰੀ ਅਸਰ ਹੋਇਆ ਅਤੇ ਉਨ੍ਹਾਂ ਨੇ ਹਰ ਛਿਮਾਹੀ ਪਿਛੋਂ ਰਸਦ ਅਤੇ ਲਕੜਾਂ ਆਦਿ ਇਕੱਠੀਆਂ ਕਰ ਕੇ ਸਾਂਝੇ ਤੌਰ ਤੇ ਵਰਤਣ ਦਾ ਫ਼ੈਸਲਾ ਕੀਤਾ। ਕੁਝ ਪਿੰਡਾਂ ਨੇ ਬਿਸਤਰੇ ਤੇ ਮੰਜੇ ਬਣਵਾ ਕੇ ਵੀ ਭੇਜੇ। ਇਸ ਪ੍ਰਕਾਰ 1919 ਵਿਚ ਹੀ ਸਰਦਾਰ ਜੀ ਨੇ ਲੋਕਾਂ ਨੂੰ ਜਥੇਬੰਦ ਕਰ ਕੇ ਆਉਣ ਵਾਲੀ ਅਕਾਲੀ ਲਹਿਰ ਲਈ ਰਸਤਾ ਤਿਆਰ ਕੀਤਾ। ਪਟਿਆਲਾ ਸਰਕਾਰ ਸਰਦਾਰ ਸਾਹਿਬ ਨੂੰ ਸ਼ੱਕੀ ਨਜ਼ਰਾਂ ਨਾਲ ਵੇਖਣ ਲੱਗ ਪਈ ਸੀ। ਉਸ ਵੇਲੇ ਦੀ ਅੰਗ੍ਰੇਜ਼ੀ ਸਰਕਾਰ ਦੀ ਨੀਤੀ ਰਾਜਸੀ ਨੇਤਾਵਾਂ ਨੂੰ ਸਖ਼ਤੀ ਨਾਲ ਦਬਾਉਣ ਦੀ ਸੀ। ਜੋ ਕੋਈ ਉਸ ਸਰਕਾਰ ਦੇ ਬਾਗ਼ੀਆਂ ਨਾਲ ਹਮਦਰਦੀ ਪ੍ਰਗਟ ਕਰਦਾ ਸੀ, ਉਹ ਸਰਕਾਰ ਦਾ ਵਿਰੋਧੀ ਗਿਣਿਆ ਜਾਂਦਾ ਸੀ। ਇਸ ਲਈ ਰਿਆਸਤਾਂ ਦੇ ਸਾਰੇ ਰਾਜੇ ਅੰਗ੍ਰੇਜ਼ੀ ਸਰਕਾਰ ਦਾ ਪੂਰੀ ਤਰ੍ਹਾਂ ਪੱਖ ਲੈ ਰਹੇ ਸਨ। ਪਰ ਮਹਾਰਾਜਾ ਭੂਪਿੰਦਰ ਸਿੰਘ ਤਾਂ ਸਰਕਾਰ ਦੀ ਸਾਰੇ ਮਹਾਰਾਜਿਆਂ ਨਾਲੋਂ ਵਧੇਰੇ ਹਿਮਾਇਤ ਕਰਨ ਤੇ ਤੁਲੇ ਹੋਏ ਸਨ। ਉਹ ਆਪਣੇ ਆਪ ਨੂੰ ਸਿੱਖ ਪੰਥ ਦੇ ਸ਼ਿਰੋਮਣੀ ਨੇਤਾ ਸਮਝਦੇ ਸਨ। ਇਸ ਲਈ ਉਹ ਨਹੀਂ ਸਨ ਚਾਹੁੰਦੇ ਕਿ ਸਿੱਖ ਪੰਥ ਵਿਚ ਕੋਈ ਮਾਮਲਾ ਉਨ੍ਹਾਂ ਦੀ ਮਰਜ਼ੀ ਦੇ ਵਿਰੁੱਧ ਹੋਵੇ। ਇਸ ਲਈ ਉਨ੍ਹਾਂ ਨੇ ਸਿੱਖਾਂ ਵਿਚ ਕੌਮੀ ਲਹਿਰ ਦਾ ਵਧ ਚੜ੍ਹ ਕੇ ਵਿਰੋਧ ਕੀਤਾ।

ਕਿਉਂਕਿ ਸਰਦਾਰ ਸੇਵਾ ਸਿੰਘ 1910 ਤੋਂ ਬਾਅਦ ਠੀਕਰੀਵਾਲੇ ਰਹਿੰਦੇ ਹੋਏ

ਪਥ ਦੀ ਸੇਵਾ ਵਿਚ ਜੁਟੇ ਹੋਏ ਸਨ, ਇਸ ਲਈ ਇਨ੍ਹਾਂ ਤੇ ਇਨ੍ਹਾਂ ਪੰਥਕ ਲਹਿਰਾਂ ਦਾ ਡੂੰਘਾ ਪ੍ਰਭਾਵ ਪਿਆ ਅਤੇ ਉਨ੍ਹਾਂ ਨੇ ਤਨ ਮਨ ਧਨ ਨਾਲ ਇਨ੍ਹਾਂ ਲਹਿਰਾਂ ਵਿਚ ਹਿੱਸਾ ਪਾ ਕੇ ਸਾਰੇ ਇਲਾਕੇ ਦੇ ਲੋਕਾਂ ਵਿਚ ਜਾਗ੍ਰਤੀ ਪੈਦਾ ਕੀਤੀ। ਜਿਸ ਦਿਨ ਨਨਕਾਣਾ ਸਾਹਿਬ ਦਾ ਸਾਕਾ ਵਾਪਰਿਆ, ਸਰਦਾਰ ਜੀ ਉਸੇ ਦਿਨ 20 ਸਿੰਘਾਂ ਦਾ ਜਥਾ ਲੈ ਕੇ, ਕਾਲੀਆਂ ਪੱਗਾਂ ਸਜਾ ਕੇ ਅਤੇ ਇਹ ਪ੍ਰਤਿਗਿਆ ਲੈ ਕੇ ਕਿ "ਜੇ ਲੋੜ ਪਈ ਤਾਂ ਸ਼ਹੀਦੀਆਂ ਦੇਵਾਂਗੇ," ਨਨਕਾਣਾ ਸਾਹਿਬ ਨੂੰ ਤੁਰ ਪਏ। ਜਥੇ ਦਾ ਸਾਰਾ ਖ਼ਰਚਾ ਸਰਦਾਰ ਜੀ ਨੇ ਆਪਣੀ ਜੇਬ ਵਿਚੋਂ ਕੀਤਾ। ਸਰਦਾਰ ਜੀ ਨੇ ਇਸ ਦਿਨ ਤੋਂ ਬਾਅਦ ਕਾਲੀ ਪੱਗ ਤੇ ਖੱਦਰ ਦੇ ਕਪੜੇ ਮੁੜ ਨਹੀਂ ਲਾਹੇ। **1922** ਵਿਚ ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਵੀ ਇਹ ਜਥਾ ਲੈ ਕੇ ਗਏ ਸਨ ਜਿਥੇ ਇਹ ਮਲਵਈ ਬੁੰਗੇ ਵਿਚ ਲਗਭਗ ਤਿੰਨ ਮਹੀਨੇ ਟਿਕੇ ਰਹੇ ਸਨ। ਇਸੇ ਸਮੇਂ ਹੀ ਇਨ੍ਹਾਂ ਦੀ ਸਰਦਾਰ ਤੇਜਾ ਸਿੰਘ ਸਮੁੰਦਰੀ ਨਾਲ ਪਹਿਲੀ ਭੇਂਟ ਹੋਈ। ਇਹ ਇੰਨੇ ਦ੍ਰਿੜ-ਵਿਸ਼ਵਾਸੀ ਸਨ ਕਿ ਇਸ ਤੋਂ ਬਾਅਦ ਇਹ ਸਰਦੀਆਂ ਵਿਚ ਵੀ ਰਜ਼ਾਈ ਦੀ ਥਾਂ ਪਿੰਡ ਦੀ ਖੱਡੀ ਦੇ ਬਣੇ ਹੋਏ ਭੂਰੇ ਵਰਤਦੇ ਸਨ ਅਤੇ ਆਮ ਤੌਰ ਤੇ ਮੰਜੇ ਉਤੇ ਵੀ ਸੌਣ ਤੋਂ ਸੰਕੋਚ ਕਰਦੇ ਸਨ।

ਇਸ ਤੋਂ ਕੁਝ ਚਿਰ ਪਿਛੋਂ ਰਿਆਸਤ ਪਟਿਆਲਾ ਵਿਚ ਵੀ ਕੁਝ ਅਜਿਹੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਨੇ ਸਰਦਾਰ ਜੀ ਨੂੰ ਪੰਥਕ ਕੰਮਾਂ ਵਿਚ ਹੋਰ ਤੇਜ਼ੀ ਨਾਲ ਹਿੱਸਾ ਲੈਣ ਲਈ ਉਭਾਰਿਆ। ਇਨ੍ਹਾਂ ਵਿਚੋਂ ਇਕ ਸੀ ਰਿਆਸਤ ਪਟਿਆਲਾ ਦੇ ਪਿੰਡ ਹੀਰੋਂ ਦੀ ਘਟਨਾ ਜਿਸ ਵਿਚ ਰਿਆਸਤ ਦੀ ਪੁਲੀਸ ਨੇ ਸਿੱਖਾਂ ਉਤੇ ਭਾਰੀ ਅਤਿਆਚਾਰ ਕੀਤੇ। ਇਸ ਤੋਂ ਬਿਨਾਂ ਇਨ੍ਹੀਂ ਦਿਨੀਂ ਗੁਰਦੁਆਰਾ ਧੂਰੀ ਵਿਚ ਵੀ ਕੁਝ ਅਜਿਹੀਆਂ ਘਟਨਾਵਾਂ ਵਾਪਰੀਆਂ ਜਿਸ ਨਾਲ ਸਾਰੇ ਇਲਾਕੇ ਵਿਚ ਨਾਰਾਜ਼ਗੀ ਦੀ ਲਹਿਰ ਤੇਜ਼ੀ ਨਾਲ ਫੈਲ ਗਈ। ਦੂਰ-ਦਰਸ਼ੀ ਸਰਦਾਰ ਸੇਵਾ ਸਿੰਘ ਨੇ ਅਨੁਭਵ ਕਰ ਲਿਆ ਕਿ ਆਉਣ ਵਾਲੇ ਸਮੇਂ ਵਿਚ ਸਰਕਾਰ ਦੀਆਂ ਵਧੀਕੀਆਂ ਦਾ ਟਾਕਰਾ ਕਰਨ ਲਈ ਵਧੇਰੇ ਦ੍ਰਿੜ ਵਿਸ਼ਵਾਸ ਦੀ ਲੋੜ ਹੈ।

### ਸ਼ਿਰੋਮਣੀ ਅਕਾਲੀ ਦਲ ਨਾਲ ਸੰਬੰਧ

**24** ਜਨਵਰੀ, **1921** ਨੂੰ ਅਮ੍ਰਿਤਸਰ ਵਿਚ ਸ਼ਿਰੋਮਣੀ ਅਕਾਲੀ ਦਲ ਸਥਾਪਿਤ ਹੋ ਚੁਕਿਆ ਸੀ ਅਤੇ ਹੁਣ ਲੋੜ ਸੀ ਕਿ ਥਾਂ ਥਾਂ ਤੇ ਅਕਾਲੀ ਜਥੇ ਬਣਾ ਕੇ ਇਸ ਕੇਂਦਰੀ ਸੰਸਥਾ ਨਾਲ ਸੰਬੰਧਿਤ ਕੀਤੇ ਜਾਣ। ਸਰਦਾਰ ਜੀ ਨੇ ਠੀਕਰੀਵਾਲੇ ਦੇ ਇਲਾਕੇ ਦੇ ਲੋਕਾਂ ਨੂੰ ਪਹਿਲਾਂ ਜਥੇਬੰਦ ਕੀਤਾ ਹੋਇਆ ਸੀ। ਇਸ ਲਈ ਉਨ੍ਹਾਂ ਨੇ ਛੇਤੀ ਹੀ ਉਥੋਂ ਦਾ ਸਥਾਨਕ ਅਕਾਲੀ ਜਥਾ ਬਣਾ ਕੇ ਸ਼ਿਰੋਮਣੀ ਅਕਾਲੀ ਦਲ ਨਾਲ ਸੰਬੰਧ ਜੋੜਨ ਦਾ ਬਿਨੈ-ਪੱਤਰ ਭੇਜ ਦਿੱਤਾ। ਕਿਉਂਜੋ ਠੀਕਰੀਵਾਲੇ ਦਾ ਜਥਾ ਲਗਭਗ ਸਭ ਤੋਂ ਪਹਿਲਾ ਜਥਾ ਸੀ, ਇਸ ਲਈ ਇਹ ਜਥੇਬੰਦੀ ਅਕਾਲੀ ਇਤਿਹਾਸ ਦੇ ਵਿਚ ਵਿਸ਼ੇਸ਼ ਮਹੱਤਾ ਰਖਦੀ ਹੈ। ਸ਼ਿਰੋਮਣੀ ਅਕਾਲੀ ਦਲ ਨੇ ਤੁਰੰਤ ਹੀ ਠੀਕਰੀਵਾਲੇ ਦੇ ਅਕਾਲੀ ਦਲ ਨੂੰ ਆਪਣੇ ਨਾਲ ਮਿਲਾ ਕੇ ਸਰਦਾਰ ਸੇਵਾ ਜੀ ਨੂੰ ਸ਼ਿਰੋਮਣੀ ਅਕਾਲੀ ਦਲ ਦਾ ਮੀਤ-ਪ੍ਰਧਾਨ ਤੇ ਕਾਰਜਕਾਰੀ ਕਮੇਟੀ ਦਾ ਮੈਂਬਰ ਚੁਣ ਲਿਆ।

## ਅਕਾਲੀ ਮੋਰਚਿਆਂ ਦੇ ਪ੍ਰਬੰਧਕ

ਹੁਣ ਸਰਦਾਰ ਜੀ ਪੰਥਕ ਜਥੇਬੰਦੀ ਦੇ ਉੱਘੇ ਆਗੂਆਂ ਵਿਚੋਂ ਗਿਣੇ ਜਾਣ ਲਗ ਪਏ। ਇਸ ਲਈ ਜਿਥੇ ਵੀ ਕੋਈ ਮੋਰਚਾ ਲਗਦਾ ਸੀ ਜਾਂ ਕਿਸੇ ਹੋਰ ਪ੍ਰਕਾਰ ਦੀ ਸੇਵਾ ਦੀ ਲੋੜ ਹੁੰਦੀ ਸੀ, ਉਥੇ ਸਰਦਾਰ ਹੀ ਆਪਣੇ ਸਾਥੀਆਂ ਸਮੇਤ ਸਭ ਤੋਂ ਪਹਿਲਾਂ ਆਪਣੀਆਂ ਸੇਵਾਵਾਂ ਅਰਪਣ ਕਰਦੇ ਸਨ। 1922 ਦੇ ਸ਼ੁਰੂ ਵਿਚ ਜਦੋਂ ਗੁਰਦੁਆਰਾ ਮੁਕਤਸਰ ਸਾਹਿਬ ਦੇ ਸਥਾਨ ਨੂੰ ਮਹੰਤਾਂ ਦੇ ਚੁੰਗਲ ਤੋਂ ਛੁਡਾਉਣ ਲਈ ਫ਼ੈਸਲਾ ਹੋਇਆ ਅਤੇ ਮੋਰਚਾ ਲਾਇਆ ਗਿਆ, ਤਾਂ ਸਰਦਾਰ ਸੇਵਾ ਸਿੰਘ ਜੀ ਨੂੰ ਇਸ ਵੇਲੇ ਇਸ ਸੇਵਾ ਲਈ ਵਿਸ਼ੇਸ਼ ਤੌਰ ਤੇ ਪ੍ਰਬੰਧਕ ਨਿਯਤ ਕਰ ਕੇ ਉਥੇ ਭੇਜਿਆ ਗਿਆ। ਸਰਦਾਰ ਸਾਹਿਬ ਕਈ ਸੌ ਸਿੰਘਾਂ ਦਾ ਇਕ ਜਥਾ ਲੈ ਕੇ ਮੁਕਤਸਰ ਪਹੁੰਚ ਗਏ ਅਤੇ ਛੇਤੀ ਹੀ ਉਥੋਂ ਦੇ ਮੁਜ਼ਾਰਿਆਂ ਕੋਲੋਂ ਕਬਜ਼ਾ ਲੈ ਕੇ ਗੁਰਦੁਆਰੇ ਦਾ ਪ੍ਰਬੰਧ ਕਰਨਾ ਆਰੰਭ ਕੀਤਾ। ਜੈਤੋਂ ਦੇ ਮੋਰਚੇ ਸਮੇਂ ਵੀ ਸਰਦਾਰ ਸੇਵਾ ਸਿੰਘ ਜੀ ਨੇ ਠੀਕਰੀ ਵਾਲੇ ਵਿਚ ਇਕ ਭਾਰੀ ਇਕੱਠ ਕੀਤਾ ਜਿਸ ਵਿਚ ਉਨ੍ਹਾਂ ਨੇ ਸਿੱਖ ਜਗਤ ਨਾਲ ਮਿਲ ਕੇ ਅੰਗ੍ਰੇਜ਼ਾਂ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲ ਦੀ ਨਿਖੇਧੀ ਕੀਤੀ ਅਤੇ ਮਹਾਰਾਜਾ ਰਿਪੁਦਮਨ ਸਿੰਘ ਨਾਲ ਹਾਰਦਿਕ ਹਮਦਰਦੀ ਦਾ ਪ੍ਰਗਟਾਉ ਕੀਤਾ।

## ਨਾਭਾ-ਪਟਿਆਲਾ ਝਗੜੇ ਦੀ ਲਪੇਟ ਵਿਚ

ਪਰ ਇਹ ਸਭ ਕੁਝ ਕਰਨ ਦਾ ਸਿੱਟਾ ਇਹ ਨਿਕਲਿਆ ਕਿ ਪਟਿਆਲਾ ਦੇ ਮਹਾਰਾਜਾ ਭੂਪਿੰਦਰ ਸਿੰਘ ਨੇ ਸਰਦਾਰ ਸੇਵਾ ਸਿੰਘ ਅਤੇ ਉਨ੍ਹਾਂ ਦੀ ਜਥੇਬੰਦੀ ਨੂੰ ਕੈਰੀ ਨਜ਼ਰ ਨਾਲ ਵੇਖਣਾ ਸ਼ੁਰੂ ਕਰ ਦਿੱਤਾ ਅਤੇ ਇਸ ਪੁੰਗਰਦੀ ਜਥੇਬੰਦੀ ਨੂੰ ਕੁਚਲਣ ਲਈ ਹੁਕਮ ਦੇ ਦਿੱਤਾ ਕਿ ਠੀਕਰੀਵਾਲੇ ਵਿਚ ਤਸ਼ੱਦਦ ਕਰ ਕੇ ਉਥੋਂ ਦੀਆਂ ਸਰਗਰਮੀਆਂ ਨੂੰ ਤੁਰੰਤ ਬੰਦ ਕਰ ਦਿੱਤਾ ਜਾਵੇ। ਪਰ ਦੂਜੇ ਪਾਸੇ ਪੰਥ ਦੇ ਦਰਦੀਆਂ ਨੇ ਅਕਾਲੀ ਦਲ ਦੇ ਫ਼ੈਸਲੇ ਤੇ ਫੁੱਲ ਚੜ੍ਹਾਉਂਦੇ ਹੋਏ ਇਕ ਭਾਰੀ ਜਲੂਸ ਕੱਢਣ ਦਾ ਫ਼ੈਸਲਾ ਕੀਤਾ। ਜਿਸ ਵੇਲੇ ਜਲੂਸ ਦੀਆਂ ਤਿਆਰੀਆਂ ਹੋ ਰਹੀਆਂ ਸਨ, ਤਾਂ ਰਿਆਸਤ ਪਟਿਆਲਾ ਦੇ ਕੁਝ ਵੱਡੇ ਅਫ਼ਸਰ ਪਿੰਡ ਠੀਕਰੀ ਵਾਲਾ ਪਹੁੰਚ ਕੇ ਗੁਰਦੁਆਰੇ ਵਿਚ ਵੜ ਗਏ ਅਤੇ ਉਨ੍ਹਾਂ ਪਿੰਡ ਵਿਚ ਦਫ਼ਾ 144 ਲਾ ਕੇ ਜਲੂਸ ਕੱਢਣ ਦੀ ਮਨਾਹੀ ਕਰ ਦਿੱਤੀ। ਪਰ ਪ੍ਰਬੰਧਕਾਂ ਨੇ ਦਫ਼ਾ 144 ਦੀ ਉਲਘੰਣਾ ਕਰ ਕੇ ਜਲੂਸ ਕੱਢਿਆ। ਥੋੜੇ ਚਿਰ ਪਿਛੋਂ ਪੁਲੀਸ ਨੇ ਜਲੂਸ ਨੂੰ ਘੇਰਾ ਪਾ ਕੇ ਬਹੁਤ ਸਾਰੇ ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਬਰਨਾਲੇ ਲਿਆ ਕੇ ਉਨ੍ਹਾਂ ਨੂੰ ਥਾਣੇ ਵਿਚ ਡੱਕ ਦਿੱਤਾ।

ਇਸ ਸਰਕਾਰੀ ਵਧੀਕੀ ਨਾਲ ਠੀਕਰੀਵਾਲੇ ਤੋਂ ਬਿਨਾਂ ਬਾਕੀ ਦੇ ਪਿੰਡਾਂ ਵਿਚ ਵੀ ਭਾਰੀ ਜੋਸ਼ ਉਮਡ ਆਇਆ। ਇਲਾਕੇ ਦੇ ਲੋਕਾਂ ਨੇ ਇਕੱਠੇ ਹੋ ਕੇ, ਰੋਸ ਕੱਢ ਕੇ, ਬਰਨਾਲੇ ਵਲ ਜਾਣ ਦਾ ਫ਼ੈਸਲਾ ਕੀਤਾ। ਇਨ੍ਹਾਂ ਲੋਕਾਂ ਨੇ ਤਹਿਸੀਲ ਦੇ ਸਾਹਮਣੇ ਜਾ ਕੇ ਧਰਨਾ ਮਾਰ ਦਿੱਤਾ ਅਤੇ ਮੰਗ ਕੀਤੀ ਕਿ ਜਾਂ ਤਾਂ ਉਨ੍ਹਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਜਾਵੇ, ਨਹੀਂ ਤਾਂ ਉਨ੍ਹਾਂ ਦੇ ਸਾਥੀਆਂ ਨੂੰ ਰਿਹਾ ਕਰ ਦਿੱਤਾ ਜਾਵੇ। ਇਹ ਆਪਣੀ ਕਿਸਮ ਦੀ ਇਕ ਨਵੀਂ ਜਥੇਬੰਦੀ ਸੀ ਕਿਉਂਕਿ ਹੁਣ ਤਕ ਜਨਤਾ ਵਿਚ ਇੰਨੀ ਜਾਗ੍ਰਤੀ ਕਦੇ ਵੀ ਨਹੀਂ ਸੀ ਆਈ। ਆਮ ਤੌਰ ਤੇ

ਪਿੰਡਾਂ ਦੇ ਭੋਲੇ ਭਾਲੇ ਲੋਕ ਸਰਕਾਰੀ ਅਫ਼ਸਰਾਂ ਦੇ ਕਹੇ ਸੁਣੇ ਤੇ ਛੇਤੀ ਹੀ ਮੰਨ ਜਾਇਆ ਕਰਦੇ ਸਨ ਪਰ ਸਰਦਾਰ ਸੇਵਾ ਸਿੰਘ ਜੀ ਨੇ ਜੋ ਨਵਾਂ ਜੋਸ਼ ਤੇ ਦ੍ਰਿੜਤਾ ਆਮ ਜਨਤਾ ਦੇ ਦਿਲਾਂ ਵਿਚ ਭਰ ਦਿੱਤੀ ਸੀ, ਉਸ ਨੇ ਇਨ੍ਹਾਂ ਸਿੱਧੇ ਪੱਧਰੇ ਲੋਕਾਂ ਨੂੰ ਸੇਵਾ ਦੇ ਮਾਰਗ ਤੋਂ ਡੋਲਣ ਨਾ ਦਿੱਤਾ।

### "ਕੌਮੀ ਦਰਦ" ਦਾ ਜਾਰੀ ਕਰਨਾ

ਇਨ੍ਹਾਂ ਹੀ ਦਿਨਾਂ ਵਿਚ ਸਰਦਾਰ ਸੇਵਾ ਸਿੰਘ ਨੇ ਇਕ ਹੋਰ ਪੰਥਕ ਸੇਵਾ ਕੀਤੀ। ਇਹ ਸੀ ਇਕ ਪੰਜਾਬੀ ਅਖ਼ਬਾਰ ਕੱਢਣ ਦਾ ਫ਼ੈਸਲਾ। ਇਸ ਨਵੇਂ ਅਖ਼ਬਾਰ ਦਾ ਨਾਂ "ਕੌਮੀ ਦਰਦ" ਰਖਿਆ ਗਿਆ ਅਤੇ ਇਸ ਦੇ ਚਲਾਉਣ ਲਈ ਆਪਣਾ ਹੀ ਇਕ ਛਾਪੇਖ਼ਾਨਾ ਵੀ ਲਾਇਆ ਗਿਆ। ਇਹ ਸਾਰਾ ਕੰਮ ਟ੍ਰਸਟ ਦੇ ਸਪੁਰਦ ਕਰ ਦਿੱਤਾ ਗਿਆ ਜਿਸ ਦੇ ਪ੍ਰਧਾਨ ਸਰਦਾਰ ਸੇਵਾ. ਸਿੰਘ ਸਨ। ਇਸ ਅਖ਼ਬਾਰ ਨੇ ਪੰਥਕ ਖ਼ਬਰਾਂ ਅਤੇ ਹੋਰ ਪੰਥਕ ਮਾਮਲਿਆਂ ਨੂੰ ਜਨਤਾ ਤਕ ਪਹੁੰਚਾਉਣ ਵਿਚ ਬੜੀ ਸਹਾਇਤਾ ਕੀਤੀ ਜਿਸ ਕਰਕੇ ਪੰਥਕ ਜਥੇਬੰਦੀ ਹੋਰ ਮਜ਼ਬੂਤ ਹੋ ਗਈ।

### ਪਹਿਲੀ ਗ੍ਰਿਫ਼ਤਾਰੀ

ਜਦੋਂ ਨਾਭੇ ਦਾ ਮੋਰਚਾ ਬਹੁਤ ਜ਼ੋਰਾਂ ਤੇ ਪਹੁੰਚ ਗਿਆ, ਤਾਂ ਅੰਗ੍ਰੇਜ਼ੀ ਸਰਕਾਰ ਨੇ ਸ਼ਿਰੋਮਣੀ ਅਕਾਲੀ ਦਲ ਨੂੰ ਗ਼ੈਰ ਕਾਨੂਨੀ ਘੋਸ਼ਿਤ ਕਰ ਕੇ ਇਸ ਦਲ ਦੇ ਲਗਭਗ 62 ਮੈਂਬਰਾਂ ਨੂੰ ਹਰ ਥਾਂ ਛਾਪੇ ਮਾਰ ਕੇ ਗ੍ਰਿਫ਼ਤਾਰ ਕਰ ਕੇ ਲਾਹੌਰ ਦੇ ਕਿਲੇ ਵਿਚ ਨਜ਼ਰਬੰਦ ਕਰ ਦਿੱਤਾ। ਰਿਆਸਤ ਪਟਿਆਲਾ ਵਿਚ ਵੀ ਅਜਿਹੀ ਹੀ ਕਾਰਵਾਈ ਕੀਤੀ ਗਈ। ਸਰਦਾਰ ਹੁਰੀਂ ਉਨ੍ਹਾਂ ਦਿਨਾਂ ਵਿਚ ਮੁਕਤਸਰ ਠਹਿਰੇ ਹੋਏ ਸਨ ਜੋ ਅੰਗ੍ਰੇਜ਼ੀ ਇਲਾਕੇ ਵਿਚ ਸੀ। ਇਸ ਲਈ ਉਨ੍ਹਾਂ ਨੂੰ ਅੰਗ੍ਰੇਜ਼ੀ ਇਲਾਕੇ ਦੀ ਪੁਲੀਸ ਨੇ ਗ੍ਰਿਫ਼ਤਾਰ ਕਰ ਕੇ ਪਟਿਆਲੇ ਲੈ ਆਂਦਾ। ਸਰਦਾਰ ਜੀ ਦੀ ਇਹ ਪਹਿਲੀ ਗ੍ਰਿਫ਼ਤਾਰੀ ਸੀ ਜੋ ਅਕਤੂਬਰ 1923 ਵਿਚ ਹੋਈ। ਪਟਿਆਲੇ ਵਿਚ ਸਰਦਾਰ ਜੀ ਨੂੰ ਕਾਰਖ਼ਾਸ ਦੀ ਹਵਾਲਾਤ ਵਿਚ ਦੋ ਦਿਨ ਨਜ਼ਰਬੰਦ ਰੱਖ ਕੇ ਮਹਾਰਾਜਾ ਦੇ ਪੇਸ਼ ਕੀਤਾ ਗਿਆ। ਮਹਾਰਾਜਾ ਨੇ ਸਰਦਾਰ ਸਾਹਿਬ ਨੂੰ ਅਕਾਲੀ ਦਲ ਨਾਲ ਸੰਬੰਧ ਤੋੜਨ ਲਈ ਬਹੁਤ ਕਿਹਾ। ਇਹ ਵਾਇਦਾ ਕੀਤਾ ਕਿ ਜੇ ਸਰਦਾਰ ਸਾਹਿਬ ਸ਼ਿਰੋਮਣੀ ਅਕਾਲੀ ਦਲ ਨਾਲ ਆਪਣਾ ਸੰਬੰਧ ਤੋੜ ਦੇਣ, ਤਾਂ ਇਹ ਰਿਆਸਤ ਦੇ ਸਾਰੇ ਗੁਰਦੁਆਰੇ ਉਨ੍ਹਾਂ ਦੇ ਸਪੁਰਦ ਕਰਨ ਲਈ ਤਿਆਰ ਸਨ; ਅਤੇ ਇਸ ਕੰਮ ਲਈ ਉਹ ਇਕ ਰਿਆਸਤ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਲਈ ਵੀ ਤਿਆਰ ਹੋ ਗਏ। ਪਰ ਸਰਦਾਰ ਜੀ ਨੇ ਬੜੀ ਨਿਮਰਤਾ ਨਾਲ ਇਹ ਸਭ ਕੁਝ ਪ੍ਰਵਾਣ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਤੇ ਮਹਾਰਾਜਾ ਸਾਹਿਬ ਨੇ ਹੁਕਮ ਦਿੱਤਾ ਕਿ ਸਰਦਾਰ ਸਾਹਿਬ ਨੂੰ ਵੀ ਬਾਕੀ ਅਕਾਲੀ ਆਗੂਆਂ ਨਾਲ ਲਾਹੌਰ ਦੇ ਕਿਲੇ ਵਿਚ ਹੀ ਨਜ਼ਰਬੰਦ ਕਰ ਦਿੱਤਾ ਜਾਵੇ, ਜਿਥੇ ਉਹ ਲਗਭਗ ਤਿੰਨ ਸਾਲ ਲਗਾਤਾਰ ਨਜ਼ਰਬੰਦ ਰਹੇ।

1925 ਵਿਚ ਜਦੋਂ ਗੁਰਦੁਆਰਾ ਐਕਟ ਬਣਿਆ, ਤਾਂ ਸਰਦਾਰ ਸੇਵਾ ਸਿੰਘ ਦਾ

ਸੰਬੰਧ ਅਕਾਲੀ ਆਗੂਆਂ ਦੇ ਉਸ ਗਰਮ ਧੜੇ ਨਾਲ ਸੀ ਜਿਸ ਨੇ ਇਸ ਐਕਟ ਨੂੰ ਸ੍ਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਇਸ ਧੜੇ ਦੇ ਹੋਰ ਮੈਂਬਰ ਮਾਸਟਰ ਤਾਰਾ ਸਿੰਘ, ਸਰਦਾਰ ਸੋਹਣ ਸਿੰਘ ਜੋਸ਼, ਸਰਦਾਰ ਤੇਜਾ ਸਿੰਘ ਸਮੁੰਦਰੀ, ਸਰਦਾਰ ਗੋਪਾਲ ਸਿੰਘ ਕੌਮੀ, ਸਰਦਾਰ ਹਰੀ ਸਿੰਘ ਜਲੰਧਰ ਵਾਲੇ, ਸਰਦਾਰ ਭਾਗ ਸਿੰਘ ਵਕੀਲ ਆਦਿ ਸਨ। ਸਰਕਾਰ ਨੇ ਨਰਮ ਖ਼ਿਆਲੀ ਆਗੂਆਂ ਨੂੰ ਤਾਂ ਰਿਹਾ ਕਰ ਦਿੱਤਾ, ਪਰ ਇਨ੍ਹਾਂ ਬਾਗ਼ੀਆਂ ਨੂੰ ਛੱਡਣ ਤੋਂ ਇਨਕਾਰ ਕਰ ਦਿੱਤਾ । ਇਹ ਨੇਤਾ ਹੋਰ ਕਈ ਮਹੀਨੇ ਨਜ਼ਰਬੰਦ ਰਹੇ ਅਤੇ ਕੇਵਲ ਸਤੰਬਰ 1926 ਵਿਚ ਹੀ ਰਿਹਾ ਹੋਏ।

ਪਰ ਸਰਦਾਰ ਸੇਵਾ ਸਿੰਘ ਦੀ ਜ਼ਿੰਦਗੀ ਹਾਲੀ ਵੀ ਆਜ਼ਾਦੀ ਦਾ ਜੀਵਨ ਨਹੀਂ ਸੀ। ਜਿਉਂ ਹੀ ਉਨ੍ਹਾਂ ਲਾਹੌਰ ਕਿਲੇ ਵਿਚੋਂ ਪੈਰ ਬਾਹਰ ਰਖਿਆ, ਉਸ ਵੇਲੇ ਕਿਲੇ ਦੇ ਬਾਹਰ ਦਰਵਾਜ਼ੇ ਤੇ ਖਲੋਤੀ ਪਟਿਆਲਾ ਪੁਲੀਸ ਨੇ ਸਰਦਾਰ ਜੀ ਨੂੰ ਮੁੜ ਗ੍ਰਿਫ਼ਤਾਰ ਕਰ ਕੇ ਪਟਿਆਲੇ ਲੈ ਆਂਦਾ।

## ਗੜਵੀ ਦੀ ਚੋਰੀ ਦਾ ਹਾਸੋ ਹੀਣਾ ਮੁਕੱਦਮਾ

ਸਰਦਾਰ ਜੀ ਦੇ ਵਿਰੁੱਧ ਹੁਣ ਜੋ ਨਵਾਂ ਮੁਕੱਦਮਾ ਪਟਿਆਲਾ ਰਿਆਸਤ ਵਿਚ ਚਲਾਇਆ ਗਿਆ, ਉਹ ਬੜਾ ਹਾਸੋ-ਹੀਣਾ ਸੀ । ਉਨ੍ਹਾਂ ਉਤੇ ਡੇਰਾ ਬਾਬਾ ਰਾਧਾ ਸਿੰਘ ਬਰਨਾਲਾ ਦੀ ਇਕ ਗੜਵੀ ਦੀ ਚੋਰੀ ਦਾ ਦੂਸ਼ਨ ਲਾਇਆ ਗਿਆ। ਇਸ ਮੁਕੱਦਮੇ ਵਿਚ ਕੋਈ ਜਾਨ ਤਾਂ ਸੀ ਨਹੀਂ ਅਤੇ ਡੇਰੇ ਦੇ ਮਹੰਤ ਰਘਬੀਰ ਸਿੰਘ ਨੇ ਵੀ ਅਦਾਲਤ ਅੱਗੇ ਸਾਫ਼ ਕਹਿ ਦਿੱਤਾ ਸੀ ਕਿ ਉਸ ਦੇ ਡੇਰੇ ਵਿਚੋਂ ਤਾਂ ਕੋਈ ਗੜਵੀ ਚੋਰੀ ਹੀ ਨਹੀਂ ਹੋਈ। ਇਸ ਨਾਲ ਸਰਕਾਰ ਨੂੰ ਮੂੰਹ ਦੀ ਖਾਣੀ ਪਈ। ਪਰ ਸਰਦਾਰ ਜੀ ਨੂੰ ਰਿਹਾ ਕਰਨ ਦੀ ਥਾਂ ਨਵੇਂ ਵਾਰੰਟ ਜਾਰੀ ਕਰ ਕੇ ਪਟਿਆਲਾ ਜੇਲ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਇਸ ਤੋਂ ਭਲੀ ਭਾਂਤ ਪ੍ਰਤੱਖ ਸੀ ਕਿ ਪਟਿਆਲਾ ਸਰਕਾਰ ਸਰਦਾਰ ਜੀ ਨੂੰ ਜੇਲ੍ਹ ਤੋਂ ਬਾਹਰ ਨਹੀਂ ਸੀ ਆਉਣ ਦੇਣਾ ਚਾਹੁੰਦੀ। ਇਸ ਨਾਲ ਸਾਰੀ ਰਿਆਸਤ ਵਿਚ ਪਟਿਆਲਾ ਰਿਆਸਤ ਦੇ ਵਿਰੁੱਧ ਇਕ ਨਵਾਂ ਸੰਘਰਸ਼ ਸ਼ੁਰੂ ਹੋਇਆ। ਥਾਂ ਥਾਂ ਤੇ ਜਲਸੇ ਅਤੇ ਦੀਵਾਨ ਲੱਗੇ ਜਿਸ ਵਿਚ ਲੋਕਾਂ ਦੇ ਭਾਰੀ ਇਕੱਠ ਹੋਏ। ਮਾਨਸਾ, ਛਾਜਲੀ, ਠੀਕਰੀਵਾਲਾ, ਬਰਨਾਲਾ ਤੇ ਮਸਤੂਆਣਾ ਆਦਿ ਥਾਵਾਂ ਤੇ ਲਗਾਤਾਰ ਸਰਦਾਰ ਜੀ ਦੀ ਰਿਹਾਈ ਦੇ ਮਤੇ ਪਾਸ ਕੀਤੇ ਗਏ। ਸਰਦਾਰ ਸੇਵਾ ਸਿੰਘ ਦੀ ਰਿਹਾਈ ਲਈ ਸ਼੍ਰੋਮਣੀ ਅਕਾਲੀ ਦਲ ਦੇ ਨੇਤਾਵਾਂ ਨੇ ਵੀ ਬਹੁਤ ਕੋਸ਼ਿਸ਼ਾਂ ਕੀਤੀਆਂ।

## ਮਾਸਟਰ ਤਾਰਾ ਸਿੰਘ ਜੀ ਦੇ ਯਤਨ

ਇਸ ਸੰਬੰਧ ਵਿਚ ਮਾਸਟਰ ਤਾਰਾ ਸਿੰਘ ਅਤੇ ਮੰਗਲ ਸਿੰਘ ਮਹਾਰਾਜਾ ਸਾਹਿਬ ਨੂੰ ਪਟਿਆਲੇ ਮਿਲੇ ਵੀ। ਬਾਬਾ ਖੜਕ ਸਿੰਘ ਜੀ, ਜੋ ਉਸ ਸਮੇਂ ਡੇਰਾ ਗ਼ਾਜ਼ੀ ਖਾਂ ਦੀ ਜੇਲ ਵਿਚੋਂ ਰਿਹਾ ਹੋ ਕੇ ਆਏ ਸਨ, ਇਕ ਧਾਰਮਿਕ ਦੀਵਾਨ ਵਿਚ ਠੀਕਰੀਵਾਲੇ ਪਹੁੰਚੇ। ਇਕ ਪ੍ਰਭਾਵ-ਸ਼ਾਲੀ ਭਾਸ਼ਣ ਵਿਚ ਉਨ੍ਹਾਂ ਨੇ ਪਟਿਆਲੇ ਰਿਆਸਤ ਦੇ ਹਾਕਿਮਾਂ ਨੂੰ ਚਿਤਾਵਨੀ ਦਿੱਤੀ ਕਿ ਜੇ ਸਰਦਾਰ ਜੀ ਨੂੰ ਫ਼ੌਰਨ ਰਿਹਾ ਨਾ ਕੀਤਾ ਗਿਆ, ਤਾਂ ਸਾਰੇ ਪੰਥ ਵਿਚ ਭਾਰੀ ਅੱਗ ਭੜਕ

ਉਠੇਗੀ ਜਿਸ ਦੀ ਜ਼ਿੰਮੇਵਾਰੀ ਰਿਆਸਤ ਦੇ ਹਾਕਿਮਾਂ ਦੇ ਸਿਰ ਹੋਵੇਗੀ। ਪਰ ਸਰਕਾਰ ਤੇ ਇਸ ਚਿਤਾਵਨੀ ਦਾ ਉਲਟਾ ਅਸਰ ਹੋਇਆ। ਹੁਣ ਪੰਥਕ ਵਰਕਰਾਂ ਨੂੰ ਤੇਜ਼ੀ ਨਾਲ ਗ੍ਰਿਫ਼ਤਾਰ ਕੀਤਾ ਜਾਣ ਲੱਗ ਪਿਆ। ਜੋ ਵਰਕਰ ਇਸ ਸਮੇਂ 108 ਦਫ਼ਾ ਦੇ ਅਧੀਨ ਗ੍ਰਿਫ਼ਤਾਰ ਕੀਤੇ ਗਏ, ਉਨ੍ਹਾਂ ਵਿਚ ਸਰਦਾਰ ਜਾਗੀਰ ਸਿੰਘ ਜੋਗਾ, ਸਰਦਾਰ ਉਜਾਗਰ ਸਿੰਘ ਭੌਰਾ, ਜਥੇਦਾਰ ਹਰਨਾਮ ਸਿੰਘ ਧਰਮਗੜ੍ਹ, ਸਰਦਾਰ ਹਰੀ ਸਿੰਘ ਮ੍ਰਿਗਿੰਦ ਆਦਿ ਸ਼ਾਮਿਲ ਸਨ। ਇਨ੍ਹਾਂ ਵਰਕਰਾਂ ਨੂੰ ਗ੍ਰਿਫ਼ਤਾਰ ਕਰ ਕੇ ਪਟਿਆਲੇ ਜੇਲ ਵਿਚ ਲੈ ਆਂਦਾ ਗਿਆ। ਪਟਿਆਲੇ ਜੇਲ ਵਿਚ ਇਨ੍ਹਾਂ ਨਾਲ ਬਹੁਤ ਬੁਰਾ ਸਲੂਕ ਕੀਤਾ ਗਿਆ ਅਤੇ ਦਸ ਮਹੀਨੇ ਪਿਛੋਂ ਇਨ੍ਹਾਂ ਨੂੰ ਰਿਹਾ ਕੀਤਾ ਗਿਆ। ਸਰਦਾਰ ਉਜਾਗਰ ਸਿੰਘ ਭੌਰੇ ਨੂੰ, ਜੋ ਠੀਕਰੀਵਾਲੇ ਦੇ ਵਸਨੀਕ ਸਨ ਅਤੇ ਸਰਦਾਰ ਜੀ ਦੇ ਨਿਕਟਵਰਤੀਆਂ ਵਿਚੋਂ ਸਨ, ਸਾਰੀ ਜਾਇਦਾਦ ਜ਼ਬਤ ਕਰ ਕੇ ਜਲਾਵਤਨ ਕਰ ਦਿੱਤਾ ਗਿਆ।

## ਸ਼ਿਰੋਮਣੀ ਅਕਾਲੀ ਦਲ ਦੇ ਯਤਨ

ਅਕਾਲੀ ਦਲ ਦੀ ਕਾਰਜਕਾਰੀ ਕਮੇਟੀ ਦੀ ਇਕ ਮੀਟਿੰਗ 3 ਜਨਵਰੀ, 1929 ਨੂੰ ਹੋਈ ਜਿਸ ਵਿਚ ਸਰਦਾਰ ਜੀ ਦੀ ਰਿਹਾਈ ਲਈ ਸੰਘਰਸ਼ ਕਰਨ ਲਈ ਫ਼ੈਸਲਾ ਕੀਤਾ ਗਿਆ। ਇਸ ਕਾਰਜ ਨੂੰ ਪੂਰਾ ਕਰਨ ਲਈ 21 ਜਨਵਰੀ ਤੋਂ ਰਿਆਸਤ ਪਟਿਆਲਾ ਵਿਚ ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ, ਸਰਦਾਰ ਊਧਮ ਸਿੰਘ ਜਥੇਦਾਰ ਅਕਾਲ ਤਖ਼ਤ, ਸਰਦਾਰ ਮੰਗਲ ਸਿੰਘ, ਸਰਦਾਰ ਵਰਿਆਮ ਸਿੰਘ ਅਤੇ ਸਰਦਾਰ ਪ੍ਰਤਾਪ ਸਿੰਘ ਨੂੰ ਥਾਂ ਥਾਂ ਤੇ ਦੀਵਾਨ ਲਾਉਣ ਲਈ ਭੇਜਣ ਦਾ ਫ਼ੈਸਲਾ ਕੀਤਾ ਗਿਆ। ਅਕਾਲੀਆਂ ਨੇ ਰਿਆਸਤ ਪਟਿਆਲਾ ਦੇ ਵਿਰੁੱਧ ਸਖ਼ਤ ਕਾਰਵਾਈ ਕਰਨ ਦਾ ਪ੍ਰੋਗ੍ਰਾਮ ਬਣਾ ਕੇ ਸਾਰੇ ਸਿੱਖ ਜਗਤ ਨੂੰ ਇਸ ਵਿਚ ਹਿੱਸਾ ਲੈਣ ਲਈ ਸੱਦਾ ਦਿੱਤਾ। ਅਕਾਲੀਆਂ ਨੇ ਇਸ ਸੰਬੰਧ ਵਿਚ ਕੁਝ ਯਤਨ ਕੀਤੇ ਵੀ, ਪਰ ਉਹ ਸਾਰੇ ਸਿਰੇ ਨਾ ਚੜ੍ਹੇ। ਹੋਰਨਾਂ ਕਾਰਣਾਂ ਦੇ ਨਾਲ ਨਾਲ ਇਕ ਕਾਰਣ ਇਹ ਸੀ ਕਿ ਹੁਣ ਤਕ ਅਕਾਲੀ ਪਾਰਟੀ ਵਿਚ ਵੀ ਮਤਭੇਦ ਹੋ ਗਏ ਸਨ। ਰਿਆਸਤ ਪਟਿਆਲਾ ਨੇ ਗੁਪਤ ਤੌਰ ਤੇ ਬਹੁਤ ਸਾਰੇ ਉੱਘੇ ਅਕਾਲੀਆਂ ਨੂੰ ਪ੍ਰਭਾਵ ਹੇਠ ਲੈ ਆਂਦਾ ਸੀ ਅਤੇ ਨਾਲ ਹੀ ਸਰਕਾਰ ਨੇ ਚੀਫ ਖ਼ਾਲਸਾ ਦੀਵਾਨ ਨਾਲ ਗੱਲਬਾਤ ਕਰ ਕੇ ਉਨ੍ਹਾਂ ਨੂੰ ਅਕਾਲੀ ਦਲ ਦੀ ਨੀਤੀ ਦੇ ਵਿਰੁੱਧ ਮੈਦਾਨ ਵਿਚ ਲੈ ਆਂਦਾ ਸੀ। ਇਸ ਤੋਂ ਬਿਨਾਂ, ਇਨ੍ਹਾਂ ਦਿਨਾਂ ਵਿਚ ਹੀ ਰਿਆਸਤ ਪਟਿਆਲਾ ਦੇ ਉੱਚ ਕਰਮਚਾਰੀਆਂ ਨੇ ਆਲ ਇੰਡੀਆ ਕਾਂਗਰਸ ਕਮੇਟੀ ਨਾਲ ਗੱਲਬਾਤ ਕਰ ਕੇ ਉਨ੍ਹਾਂ ਦੀ ਹਮਦਰਦੀ ਪ੍ਰਾਪਤ ਕਰ ਲਈ।

## ਕਾਂਗਰਸ ਵਲੋਂ ਮਹਾਰਾਜੇ ਦੀ ਹਿਮਾਇਤ

19 ਫਰਵਰੀ, 1929 ਨੂੰ ਕਾਂਗਰਸ ਦੇ ਜਨਰਲ ਸਕੱਤਰ ਮਿਸਟਰ ਮੁਖ਼ਤਾਰ ਅਹਿਮਦ ਅਨਸਾਰੀ ਨੇ ਪਟਿਆਲਾ ਦੇ ਇਕ ਮੰਤ੍ਰੀ ਮੀਰ ਮਕਬੂਲ ਮਹਿਮੂਦ ਨੂੰ ਚਿੱਠੀ ਲਿਖੀ ਜਿਸ ਵਿਚ ਉਨ੍ਹਾਂ ਨੇ ਸਪਸ਼ਟ ਰੂਪ ਵਿਚ ਲਿਖਿਆ ਕਿ ਕਾਂਗਰਸ ਵਰਕਿੰਗ ਕਮੇਟੀ ਮਹਾਰਾਜਾ ਪਟਿਆਲਾ ਦੇ ਅਕਾਲੀਆਂ ਪ੍ਰਤਿ ਰਵੱਈਏ ਨਾਲ ਪੂਰੀ ਤਰ੍ਹਾਂ ਸੰਤੁਸ਼ਟ ਹੈ ਅਤੇ ਉਹ ਮਹਾਰਾਜਾ

ਪਟਿਆਲਾ ਨੂੰ ਉਨ੍ਹਾਂ ਦੀ ਸੁਘੜ ਨੀਤੀ ਅਤੇ ਸਹਿਨਸ਼ੀਲਤਾ ਉਤੇ ਮੁਬਾਰਕਬਾਦ ਪੇਸ਼ ਕਰਦੀ ਹੈ।

**ਆਲ ਪਾਰਟੀ ਸਿੱਖ ਕਾਨਫ੍ਰੰਸ**

24 ਫਰਵਰੀ, 1929 ਨੂੰ ਸਰਦਾਰ ਸੇਵਾ ਸਿੰਘ ਦੀ ਰਿਹਾਈ ਤੇ ਵਿਚਾਰ ਕਰਨ ਲਈ ਸਿੱਖਾਂ ਦੀ ਆਲ ਪਾਰਟੀਜ਼ ਕਾਨਫ੍ਰੰਸ ਸ੍ਰੀ ਅਕਾਲ ਤਖ਼ਤ ਅਮ੍ਰਿਤਸਰ ਵਿਚ ਹੋਈ ਜਿਸ ਵਿਚ ਅਕਾਲੀ ਪਾਰਟੀ ਨੇ ਸਿੱਖਾਂ ਦੇ ਸਭ ਉੱਘੇ ਨੇਤਾਵਾਂ ਨੂੰ ਇਸ ਮਸਲੇ ਦਾ ਹੱਲ ਲੱਭਣ ਲਈ ਸੱਦਾ ਦਿੱਤਾ। ਇਸ ਕਾਨਫ੍ਰੰਸ ਵਿਚ ਅਕਾਲੀਆਂ ਨੇ ਵੀ ਇਸੇ ਗੱਲ ਤੇ ਜ਼ੋਰ ਦਿੱਤਾ ਕਿ ਉਨ੍ਹਾਂ ਨੂੰ ਪਟਿਆਲੇ ਦਾ ਮੋਰਚਾ ਵਾਪਸ ਲੈ ਕੇ ਸਿੱਖ ਰਿਆਸਤਾਂ ਨਾਲ ਚੰਗੇ ਸੰਬੰਧ ਕਾਇਮ ਕਰਨੇ ਚਾਹੀਦੇ ਹਨ। ਕੁਝ ਰਿਆਸਤਾਂ ਤੋਂ ਆਏ ਅਕਾਲੀ ਨੇਤਾਵਾਂ ਨੇ ਬਾਅਦ ਵਿਚ ਮੰਗ ਕੀਤੀ ਕਿ ਘੱਟੋ ਘੱਟ ਸਰਦਾਰ ਸੇਵਾ ਸਿੰਘ ਦੀ ਰਿਹਾਈ ਲਈ ਕੋਈ ਮਤਾ ਹੀ ਪਾਸ ਕਰ ਦਿੱਤਾ ਜਾਵੇ। ਪਰ ਅਕਾਲੀ ਪਾਰਟੀ ਵਿਚ ਇਸ ਸਮੇਂ ਐਨੀ ਪਰੇਸ਼ਾਨੀ ਤੇ ਘਬਰਾਹਟ ਸੀ ਕਿ ਉਨ੍ਹਾਂ ਨੇ ਇਸ ਤੋਂ ਵੱਧ ਹੋਰ ਕੁਝ ਨਾ ਕੀਤਾ। ਸੋ ਸਰਦਾਰ ਸੇਵਾ ਸਿੰਘ ਦੀ ਰਿਹਾਈ ਦਾ ਇਹ ਮਾਮਲਾ ਖੱਟੇ ਵਿਚ ਪੈ ਗਿਆ। ਇਸ ਤੋਂ ਬਾਅਦ ਕੁਝ ਚਿਰ ਸਰਦਾਰ ਸੇਵਾ ਸਿੰਘ ਜੀ ਦੀ ਰਿਹਾਈ ਲਈ ਕਿਸੇ ਪਾਰਟੀ ਨੇ ਕੋਈ ਹੀਲਾ ਨਾ ਕੀਤਾ। ਪਰੰਤੂ ਮਾਸਟਰ ਤਾਰਾ ਸਿੰਘ ਨੇ ਆਪਣੇ ਅਖ਼ਬਾਰਾਂ ਵਿਚ ਮਹਾਰਾਜਾ ਪਟਿਆਲਾ ਦੇ ਵਿਰੁੱਧ ਸਖ਼ਤ ਲੇਖ ਲਿਖੇ।

**ਜੇਲ ਵਿਚ ਸਖ਼ਤੀ**

ਹੁਣ ਦੂਸਰੇ ਪਾਸੇ ਸਰਦਾਰ ਸੇਵਾ ਸਿੰਘ ਜੀ ਨਾਲ ਜੇਲ ਵਿਚ ਬੁਰਾ ਸਲੂਕ ਕੀਤਾ ਜਾਣ ਲੱਗਾ। ਇਸ ਤੋਂ ਬਿਨਾਂ ਰਿਆਸਤ ਦੇ ਹੋਰ ਅਕਾਲੀ ਵਰਕਰਾਂ ਨਾਲ ਵੀ ਸਖ਼ਤੀ ਹੋਣ ਲੱਗੀ ਅਤੇ ਬਹੁਤ ਸਾਰੇ ਵਰਕਰਾਂ ਨੂੰ ਕੈਦ ਕਰ ਲਿਆ ਗਿਆ। ਸਰਦਾਰ ਸਾਹਿਬ ਦੇ ਸੰਬੰਧੀਆਂ ਨਾਲ ਵੀ ਬੁਰਾ ਸਲੂਕ ਹੋਣ ਲੱਗਾ। ਬਰਨਾਲੇ ਦੇ ਨਾਜ਼ਿਮ ਨੇ ਠੀਕਰੀਵਾਲੇ ਪਹੁੰਚ ਕੇ ਸਰਦਾਰ ਜੀ ਦੀ ਹਵੇਲੀ ਨੂੰ ਘੇਰਾ ਪਾ ਕੇ ਉਸ ਦੀ ਤਲਾਸ਼ੀ ਲਈ। ਆਖ਼ਿਰ ਸਰਦਾਰ ਜੀ ਨੂੰ ਸਰਕਾਰ ਦੇ ਰਵੱਈਏ ਵਿਰੁੱਧ ਭੁੱਖ ਹੜਤਾਲ ਕਰਨੀ ਪਈ।

**ਸਰਦਾਰ ਜੀ ਦੀ ਭੁੱਖ ਹੜਤਾਲ**

ਭੁੱਖ ਹੜਤਾਲ ਦੇ ਕਾਰਣ ਸਰਦਾਰ ਜੀ ਦੀ ਹਾਲਤ ਬੜੀ ਤੇਜ਼ੀ ਨਾਲ ਖ਼ਰਾਬ ਹੋਣ ਲੱਗੀ। ਪਹਿਲਾਂ ਇਨ੍ਹਾਂ ਦਾ ਗਲਾ ਸੁੱਜ ਗਿਆ। ਫਿਰ ਫੇਫੜੇ ਕਮਜ਼ੋਰ ਹੋ ਗਏ। ਜੇਲ ਵਿਚ ਹੋਰ ਅਕਾਲੀ ਕੈਦੀ ਵਜ਼ੀਰ ਸਿੰਘ ਪੱਖੋ, ਪੂਰਨ ਸਿੰਘ ਮਹਾਰਾਜ, ਮਿਹਰ ਸਿੰਘ ਲਭੂ ਅਤੇ ਗੁਰਮੁਖ ਸਿੰਘ ਅਤੇ ਦੀਵਾਨ ਸਿੰਘ ਨੇ ਵੀ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਡਾਕਟਰਾਂ ਨੇ ਸਰਦਾਰ ਜੀ ਦੀ ਹਾਲਤ ਬਹੁਤ ਖ਼ਰਾਬ ਹੁੰਦੀ ਦੇਖ ਕੇ ਜ਼ਬਰਦਸਤੀ ਦਾਲ ਦਾ ਪਾਣੀ ਇਨ੍ਹਾਂ ਨੂੰ ਨਾਲੀ ਰਾਹੀਂ ਦੇਣਾ ਸ਼ੁਰੂ ਕਰ ਦਿੱਤਾ। ਇਸ ਭੁੱਖ ਹੜਤਾਲ ਦੀਆਂ ਖ਼ਬਰਾਂ ਜੇਲ ਤੋਂ ਬਾਹਰ ਬਹੁਤ ਘੱਟ ਪਹੁੰਚਦੀਆਂ ਸਨ ਜਿਸ ਕਰਕੇ ਸਿੱਖਾਂ ਵਿਚ ਬਹੁਤ ਬੇਚੈਨੀ ਫੈਲ ਗਈ। ਕਦੇ ਕਦਾਈਂ ਇਹ ਖ਼ਬਰ ਵੀ ਫੈਲ ਜਾਂਦੀ ਸੀ ਕਿ ਸਰਦਾਰ ਜੀ ਜੇਲ ਵਿਚ ਚਲਾਣਾ ਕਰ

ਗਏ ਹਨ । ਸ਼ਿਰੋਮਣੀ ਅਕਾਲੀ ਦਲ ਦੇ ਨੇਤਾਵਾਂ ਨੇ ਸਰਦਾਰ ਸਾਹਿਬ ਨਾਲ ਮੁਲਾਕਾਤ ਕਰਨ ਲਈ ਕਈ ਵਾਰੀ ਚਿੱਠੀਆਂ ਲਿਖੀਆਂ, ਪਰ ਸਰਕਾਰ ਨੇ ਮੁਲਾਕਾਤ ਕਰਨ ਦੀ ਆਗਿਆ ਨਾ ਦਿੱਤੀ । ਅਕਾਲੀ ਪਾਰਟੀ ਨੇ ਸਰਦਾਰ ਸਾਹਿਬ ਦੀ ਹਾਲਤ ਖ਼ਤਰਨਾਕ ਸਮਝਦੇ ਹੋਏ ਸਾਰੇ ਸਿੱਖ ਜਗਤ ਨੂੰ ਜਗ੍ਹਾ ਜਗ੍ਹਾ ਪਾਠ ਰੱਖਣ ਅਤੇ ਉਨ੍ਹਾਂ ਦੀ ਸਿਹਤ ਲਈ ਅਰਦਾਸੇ ਸੋਧਣ ਲਈ ਅਪੀਲ ਕੀਤੀ ।

ਇਕ ਹਫ਼ਤੇ ਬਾਅਦ ਅਖ਼ਬਾਰਾਂ ਵਿਚ ਇਹ ਖ਼ਬਰ ਛਪੀ ਕਿ "ਆਪ ਨੇ ਜੇਲ ਦੇ ਸਲੂਕ ਤੋਂ ਤੰਗ ਆ ਕੇ ਆਪਣੇ ਤਨ ਦੇ ਕਪੜੇ ਵੀ ਉਤਾਰ ਦਿੱਤੇ ਹਨ । ਤੇੜ ਕੇਵਲ ਕਛਹਿਰਾ ਹੀ ਹੈ ।" 9 ਜੂਨ ਨੂੰ ਸਰਦਾਰ ਸੇਵਾ ਸਿਘ ਜੀ ਦੀਆਂ ਦੋਨੋ ਸਿੰਘਣੀਆਂ ਮੁਲਾਕਾਤ ਕਰਨ ਗਈਆਂ । ਪਰ ਉਨ੍ਹਾਂ ਨੂੰ ਮੁਲਾਕਾਤ ਕਰਨ ਦੀ ਆਗਿਆ ਨਹੀਂ ਮਿਲੀ ਤੇ ਇਹ ਕਹਿ ਕੇ ਟਾਲ ਦਿੱਤਾ ਗਿਆ ਕਿ ਸਰਦਾਰ ਤਕੜਾ ਹੈ ਤੇ ਤੁਹਾਡੇ ਨਾਲ ਮੁਲਾਕਾਤ ਕਰਨੀ ਨਹੀਂ ਚਾਹੁੰਦਾ ।

ਅਜਿਹੀ ਸਥਿਤੀ ਅਗਸਤ 1929 ਤਕ ਜਾਰੀ ਰਹੀ । ਉਦੋਂ ਕੌਮ ਦੇ ਸਬਰ ਦਾ ਪਿਆਲਾ ਲਬਰੇਜ਼ ਹੋ ਚੁਕਾ ਸੀ ਤੇ ਮਹਾਰਾਜਾ ਪਟਿਆਲਾ ਵੀ ਇਹ ਜਾਣ ਗਿਆ ਸੀ ਕਿ ਹੁਣ ਸੇਵਾ ਸਿੰਘ ਨੂੰ ਹੋਰ ਬਹੁਤੀ ਦੇਰ ਜੇਲ ਵਿਚ ਨਹੀਂ ਰਖਿਆ ਜਾ ਸਕਦਾ । ਉਧਰ ਸਰਦਾਰ ਬਹਾਦਰ ਮਹਿਤਾਬ ਸਿੰਘ, ਗਿਆਨੀ ਸ਼ੇਰਾ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਮਹਾਰਾਜਾ ਨੂੰ ਕਈ ਪੱਤਰ ਲਿਖ ਕੇ ਸਰਦਾਰ ਸੇਵਾ ਸਿੰਘ ਨੂੰ ਰਿਹਾ ਕਰਨ ਦੀ ਬੇਨਤੀ ਕੀਤੀ । ਵਾਸਤਵ ਵਿਚ ਇਸ ਪਾਰਟੀ ਨੇ ਮਹਾਰਾਜਾ ਸਾਹਿਬ ਨਾਲ ਗੁਪਤ ਤੌਰ ਤੇ ਗੱਲਬਾਤ ਕਰ ਕੇ ਮੈਮੋਰੰਡਮ ਦੇਣ ਦੀ ਯੋਜਨਾ ਬਣਾਈ ਹੋਈ ਸੀ । ਪਰ ਇਸ ਦੀ ਹਵਾ ਮਾਸਟਰ ਤਾਰਾ ਸਿੰਘ ਦੀ ਪਾਰਟੀ ਨੂੰ ਵੀ ਕਿਸੇ ਤਰ੍ਹਾਂ ਲੱਗ ਗਈ ਜਿਸ ਕਰਕੇ ਇਸ ਦਾ ਅਖ਼ਬਾਰਾਂ ਵਿਚ ਵਿਰੋਧ ਸ਼ੁਰੂ ਹੋ ਗਿਆ । ਕੁਝ ਚਿਰ ਪਿਛੋਂ ਨਰਮ ਖ਼ਿਆਲੀਏ ਸਿੱਖਾਂ ਦੇ ਧੜੇ ਦਾ ਇਕ ਪ੍ਰਤਿਨਿਧ ਮੰਡਲ ਮਹਾਰਾਜਾ ਸਾਹਿਬ ਨੂੰ ਕੰਡਾਘਾਟ ਵਿਚ 23 ਅਗਸਤ, 1929 ਨੂੰ ਮਿਲਿਆ । ਦੂਜੇ ਪਾਸੇ ਗਰਮ-ਖ਼ਿਆਲੀਏ ਧੜੇ ਨੇ 25 ਅਗਸਤ, 1929 ਨੂੰ ਥਾਂ ਥਾਂ ਤੇ ਸੇਵਾ ਸਿੰਘ ਦਿਵਸ ਮਨਾਉਣ ਦਾ ਫ਼ੈਸਲਾ ਕਰ ਲਿਆ ਸੀ । ਮਹਾਰਾਜਾ ਨੇ ਇਕ ਸ਼ਾਤਿਰਾਨਾ ਚਾਲ ਚਲਦਿਆਂ ਉਸ ਤੋਂ ਇਕ ਦਿਨ ਪਹਿਲਾਂ ਭਾਵ 24 ਅਗਸਤ ਨੂੰ ਹੀ ਸਰਦਾਰ ਸੇਵਾ ਸਿਘ ਤੇ ਉਨ੍ਹਾਂ ਦੇ 45 ਹੋਰ ਸਾਥੀ ਰਾਜਸੀ ਕੈਦੀਆਂ ਦੀ ਰਿਹਾਈ ਦਾ ਹੁਕਮ ਜਾਰੀ ਕਰ ਦਿੱਤਾ । ਇਸ ਪ੍ਰਕਾਰ ਲਗਭਗ ਛੇ ਸਾਲ ਅੰਗ੍ਰੇਜ਼ੀ ਅਤੇ ਪਟਿਆਲਾ ਸਰਕਾਰ ਦੇ ਤਸੀਹੇ ਸਹਿ ਕੇ ਸਰਦਾਰ ਜੀ ਜੇਲ ਵਿਚੋਂ ਬਾਹਰ ਆਏ ।

ਪਰ ਜਿਸ ਦ੍ਰਿੜ੍ਹਤਾ ਅਤੇ ਸਿਦਕ ਨਾਲ ਉਨ੍ਹਾਂ ਨੇ ਇਹ ਸਭ ਕੁਝ ਸਹਿਣ ਕੀਤਾ, ਉਹ ਆਪਣੀ ਮਿਸਾਲ ਆਪ ਹੀ ਸੀ । ਬਹੁਤ ਘੱਟ ਅਜਿਹੇ ਆਗੂ ਸਨ ਜਿਨ੍ਹਾਂ ਨੇ ਅਜਿਹੀ ਲਗਨ ਤੇ ਸਿਰੜ ਨਾਲ ਕੌਮ ਤੇ ਪੰਥ ਦੀ ਸੇਵਾ ਕਰਨ ਦਾ ਬੀੜਾ ਚੁਕਿਆ ਹੋਵੇ । ਇਨ੍ਹਾਂ ਕੁਰਬਾਨੀਆਂ ਕਰਕੇ ਸਰਦਾਰ ਜੀ ਦੀ ਇੱਜ਼ਤ ਤੇ ਮਾਨ ਚਾਰੇ ਪਾਸੇ ਫੈਲ ਗਿਆ ਅਤੇ ਲੋਕਾਂ

ਨੇ ਹਰ ਥਾਂ ਉਨ੍ਹਾਂ ਦਾ ਭਾਰੀ ਤੇ ਸ਼ਾਨਦਾਰ ਸੁਆਗਤ ਕੀਤਾ । ਰਿਹਾਈ ਬਾਅਦ ਇਕ ਹਫ਼ਤਾ ਅਮ੍ਰਿਤਸਰ ਰਹਿਣ ਉਪਰੰਤ ਸਰਦਾਰ ਜੀ ਬਰਨਾਲੇ ਤੇ ਪਿੰਡ ਠੀਕਰੀਵਾਲੇ ਵਾਪਸ ਆਏ ਜਿਥੇ ਉਨ੍ਹਾਂ ਦਾ ਅਦੁੱਤੀ ਸੁਆਗਤ ਕੀਤਾ ਗਿਆ । ਬਰਨਾਲੇ ਪਹੁੰਚਣ ਤੇ ਬਰਨਾਲਾ ਸਟੇਸ਼ਨ ਤੋਂ ਠੀਕਰੀਵਾਲੇ ਤਕ ਭਾਰੀ ਜਲੂਸ ਕੱਢਿਆ ਗਿਆ ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਦੂਰੋਂ ਦੂਰੋਂ ਲੋਕ ਸ਼ਾਮਿਲ ਹੋਏ । ਵੱਖ ਵੱਖ ਥਾਵਾਂ ਤੋਂ ਆਏ ਪ੍ਰਤਿਨਿਧੀਆਂ ਨੇ ਸਰਦਾਰ ਜੀ ਦੀ ਸੇਵਾ ਵਿਚ ਮਾਨ-ਪੱਤਰ ਪੇਸ਼ ਕੀਤੇ । ਅਕਾਲੀ ਜਥਾ ਰਿਆਸਤ ਪਟਿਆਲਾ ਅਤੇ ਬਾਕੀ ਜਥਿਆਂ ਵਲੋਂ ਸਰਦਾਰ ਜੀ ਨੂੰ ਸ੍ਰੀ ਸਾਹਿਬ ਤੇ 1100 ਰੁਪਏ ਦੀ ਇਕ ਥੈਲੀ ਵੀ ਭੇਟ ਕੀਤੀ ਗਈ ।

### ਨਵਾਂ ਸੰਘਰਸ਼

ਕੁਝ ਚਿਰ ਠੀਕਰੀਵਾਲੇ ਠਹਿਰ ਕੇ ਸਰਦਾਰ ਜੀ ਨੇ ਆਪਣਾ ਸੰਘਰਸ਼ ਮੁੜ ਜਾਰੀ ਕਰ ਦਿੱਤਾ ਅਤੇ ਉਨ੍ਹਾਂ ਨੇ ਮਾਨਸਾ, ਛਾਜਲੀ, ਲੁਧਿਆਣਾ, ਮਸਤੂਆਣਾ, ਸੰਗਰੂਰ, ਨਾਭਾ, ਮੌੜ, ਭਵਾਨੀਗੜ੍ਹ, ਦਿੜ੍ਹਬਾ, ਸੁਨਾਮ, ਧੂਰੀ, ਚਾਂਗਲੀ, ਮਲੋਟ ਅਤੇ ਦਮਦਮਾ ਆਦਿ ਕਈ ਥਾਵਾਂ ਦਾ ਤੂਫ਼ਾਨੀ ਦੌਰਾ ਕੀਤਾ । ਹਰ ਥਾਂ ਤੇ ਆਪ ਦਾ ਹਾਰਦਿਕ ਸੁਆਗਤ ਹੋਇਆ, ਮਾਨ-ਪੱਤਰ, ਸਿਰੋਪਾ ਤੇ ਨਕਦੀ ਦੀਆਂ ਥੈਲੀਆਂ ਪੇਸ਼ ਕੀਤੀਆਂ ਗਈਆਂ । ਇਸ ਤੋਂ ਬਾਅਦ ਸਰਦਾਰ ਜੀ ਦਾ ਪ੍ਰੋਗ੍ਰਾਮ ਪਟਿਆਲੇ ਦੇ ਇਰਦ-ਗਰਦ ਦੇ ਪਿੰਡਾਂ ਵਿਚ ਜਾਣ ਦਾ ਸੀ । ਉਹ ਪਟਿਆਲੇ ਦੇ ਲਾਗੇ ਪਿੰਡ ਸਿੱਧੂਵਾਲ ਪਹੁੰਚੇ ਜਿਥੇ ਉਨ੍ਹਾਂ ਦਾ ਬੜਾ ਆਦਰ ਮਾਨ ਕੀਤਾ ਗਿਆ । ਇਕ ਜਲੂਸ ਸਿੱਧੂਵਾਲ ਤੋਂ ਪਟਿਆਲੇ ਸ਼ਹਿਰ ਤਕ ਕੱਢਿਆ ਗਿਆ ।

ਪਰ ਜਿਸ ਵੇਲੇ ਇਹ ਜਲੂਸ ਸੈਂਟ੍ਰਲ ਜੇਲ ਦੇ ਨਜ਼ਦੀਕ ਪਹੁੰਚਿਆ, ਤਾਂ ਪੁਲੀਸ ਨੇ ਇਸ ਨੂੰ ਅੱਗੇ ਜਾਣ ਤੋਂ ਰੋਕ ਦਿੱਤਾ । ਕੁਝ ਚਿਰ ਠਹਿਰਨ ਤੋਂ ਪਿਛੋਂ ਜਲੂਸ ਸ਼ਹਿਰ ਵਲ ਵਧਣ ਲੱਗ ਪਿਆ ਜਿਸ ਤੇ ਘੋੜ ਸਵਾਰ ਪੁਲੀਸ ਨੇ ਜਲੂਸ ਨੂੰ ਚਾਰੇ ਪਾਸਿਓਂ ਘੇਰ ਲਿਆ । ਪਟਿਆਲੇ ਦੇ ਨਾਜ਼ਿਮ ਨੇ ਹੁਣ ਦਫ਼ਾ 144 ਲਗਾ ਕੇ ਜਲੂਸ ਨੂੰ ਖਿਲਰ ਜਾਣ ਦਾ ਹੁਕਮ ਦੇ ਦਿੱਤਾ । ਇਥੇ ਸਰਦਾਰ ਜੀ ਨੇ ਜਲੂਸ ਨੂੰ ਵਾਪਸ ਜਾਣ ਦਾ ਹੁਕਮ ਦੇ ਦਿੱਤਾ ਕਿਉਂਕਿ ਉਹ ਨਹੀਂ ਸਨ ਚਾਹੁੰਦੇ ਕਿ ਕਾਨੂੰਨ ਦੀ ਉਲੰਘਣਾ ਕੀਤੀ ਜਾਵੇ । ਇਸ ਤਰ੍ਹਾਂ ਸਰਦਾਰ ਜੀ ਨੇ ਕੁਝ ਦਿਨਾਂ ਵਿਚ ਹੀ ਲਗਭਗ ਸਾਰੇ ਇਲਾਕੇ ਦਾ ਦੌਰਾ ਕਰ ਕੇ ਜਨਤਾ ਨੂੰ ਆਜ਼ਾਦੀ ਲਈ ਲੜਨ ਦਾ ਨਵ-ਸੰਦੇਸ਼ ਤੇ ਉਤਸਾਹ ਦੇ ਕੇ ਹਰ ਪ੍ਰਕਾਰ ਦੀਆਂ ਕੁਰਬਾਨੀਆਂ ਕਰਨ ਦਾ ਉਪਦੇਸ਼ ਦਿੱਤਾ, ਜਿਸ ਦੇ ਕਾਰਣ ਇਸ ਇਲਾਕੇ ਵਿਚ ਆਜ਼ਾਦੀ ਲਈ ਲੜਨ ਦੀ ਭਾਵਨਾ ਉਜਾਗਰ ਹੋਈ ।

### ਪਰਜਾ ਮੰਡਲ ਨਾਲ ਸੰਬੰਧ

ਭਾਵੇਂ ਸਰਦਾਰ ਸੇਵਾ ਸਿੰਘ ਦੀ ਮੁਢਲੀ ਬਗ਼ਾਵਤ ਧਰਮ ਦੇ ਖੇਤਰ ਵਿਚ ਅੰਗ੍ਰੇਜ਼ਾਂ ਦੇ ਅਤਿਆਚਾਰਾਂ ਵਿਰੁੱਧ ਸੀ, ਪਰ ਇਹ ਲੜਾਈ ਹੌਲੀ ਹੌਲੀ ਆਪਣਾ ਰੂਪ ਬਦਲਦੀ ਗਈ ।

ਬੁਨਿਆਦੀ ਤੌਰ ਤੇ ਉਹ ਇਕ ਅਕਾਲੀ ਨੇਤਾ ਸਨ । ਪਰ ਉਨ੍ਹਾਂ ਦੇ ਕਾਰਜ ਦਾ ਖੇਤਰ ਕੇਵਲ ਅਕਾਲੀ ਦਲ ਦੇ ਪ੍ਰੋਗ੍ਰਾਮ ਤਕ ਹੀ ਬਹੁਤ ਦੇਰ ਤੀਕ ਸੀਮਿਤ ਨਾ ਰਹਿ ਸਕਿਆ ਸਗੋਂ ਇਸ ਦੀਆਂ ਹੱਦਾਂ ਨੂੰ ਪਾਰ ਕਰ ਕੇ ਉਹ ਇਸ ਦੇ ਨਾਲ ਲਗਦੇ ਖੇਤਰ ਵਿਚ ਜਾ ਮਿਲਿਆ । ਇਸ ਤੋਂ ਸਾਡਾ ਭਾਵ ਹੈ ਕਿ ਪਰਜਾ ਮੰਡਲ ਨਾਲ ਇਨ੍ਹਾਂ ਦਾ ਗੂੜ੍ਹਾ ਤੇ ਅਤੁੱਟ ਸੰਬੰਧ ਸੀ । ਸਗੋਂ ਇਹ ਕਹਿਣਾ ਉਚਿਤ ਹੋਵੇਗਾ ਕਿ 1930 ਤੋਂ ਬਾਅਦ ਉਨ੍ਹਾ ਦੀ ਰੁਚੀ ਵਧੇਰੇ ਪਰਜਾ ਮੰਡਲ ਵਲ ਲੱਗ ਗਈ । ਅਸਲ ਗੱਲ ਇਹ ਹੈ ਕਿ ਉਨ੍ਹਾਂ ਦਿਨਾਂ ਵਿਚ ਜਦੋਂ ਆਜ਼ਾਦੀ ਦੀ ਲਹਿਰ ਜ਼ੋਰਾਂ ਤੇ ਸੀ, ਉਸ ਸਮੇਂ ਅਕਾਲੀ ਦਲ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਇਕ ਦੂਜੇ ਦੇ ਬਹੁਤ ਨਿਕਟ ਆ ਗਈਆਂ ਸਨ, ਸਗੋਂ ਇੰਜ ਕਹਿਣਾ ਚਾਹੀਦਾ ਹੈ ਕਿ ਅਕਾਲੀਆਂ ਲਈ ਕਾਂਗਰਸ ਦੇਸ਼ ਦੀ ਆਜ਼ਾਦੀ ਲਈ ਤਸਵੀਰ ਦਾ ਦੂਜਾ ਪਾਸਾ ਸੀ । ਇਸੇ ਲਈ ਲਗਭਗ ਅਕਾਲੀ ਨੇਤਾ ਅਕਾਲੀ ਦਲ ਦੀ ਮੈਂਬਰੀ ਤੋਂ ਬਿਨਾਂ ਕਾਂਗਰਸ ਦੇ ਮੈਂਬਰ ਵੀ ਸਨ । ਰਿਆਸਤਾਂ ਵਿਚ ਵੀ ਲਗਭਗ ਇਹੀ ਕੁਝ ਹੋਇਆ । ਕਾਂਗਰਸ ਦੀ ਥਾਂ ਇਸ ਇਲਾਕੇ ਵਿਚ ਪਰਜਾ ਮੰਡਲ ਨੇ ਜਨਮ ਲਿਆ ਜੋ ਰਿਆਸਤਾਂ ਦੀ ਕਾਂਗਰਸ ਦੀ ਇਕ ਪ੍ਰਕਾਰ ਦਾ ਦੂਜਾ ਨਾਂ ਸੀ ।

ਇਥੇ ਅਸੀਂ ਇਹ ਦੱਸ ਦੇਣਾ ਜ਼ਰੂਰੀ ਸਮਝਦੇ ਹਾਂ ਕਿ ਰਿਆਸਤਾਂ ਵਿਚ ਕਾਂਗਰਸ ਦੀ ਸਥਾਪਨਾ ਨਾ ਹੋਣ ਦਾ ਅਸਲ ਕਾਰਣ ਇਹ ਸੀ ਕਿ ਕਾਂਗਰਸ ਦੇ ਵੱਡੇ ਨੇਤਾ, ਜਿਨ੍ਹਾਂ ਵਿਚ ਮਹਾਤਮਾ ਗਾਂਧੀ ਵੀ ਸ਼ਾਮਿਲ ਸਨ, ਦੀ ਨੀਤੀ ਇਹ ਸੀ ਕਿ ਅੰਗ੍ਰੇਜ਼ਾਂ ਨਾਲ ਟੱਕਰ ਲੈਂਦੇ ਹੋਏ ਉਹ ਦੇਸੀ ਰਾਜਿਆਂ ਅਤੇ ਮਹਾਰਾਜਿਆਂ ਨਾਲ ਵੀ ਟੱਕਰ ਨਹੀਂ ਸੀ ਲੈਣਾ ਚਾਹੁੰਦੇ ਕਿਉਂਕਿ ਕਾਂਗਰਸ ਨੂੰ ਆਸ ਸੀ ਕਿ ਇਨ੍ਹਾਂ ਤੋਂ ਉਨ੍ਹਾ ਨੂੰ ਕਦੇ ਨਾ ਕਦੇ ਸਹਾਇਤਾ ਲੈਣੀ ਪਵੇਗੀ । ਇਸ ਲਈ ਉਨ੍ਹਾਂ ਨੇ ਰਿਆਸਤਾਂ ਵਿਚ ਕਾਂਗਰਸ ਦੀ ਸਥਾਪਨਾ ਕਰਨ ਦੀ ਥਾਂ ਆਲ ਇੰਡੀਆ ਸਟੇਟਸ ਪੀਪਲਜ਼ ਕਾਨਫ੍ਰੰਸ ਦੀ ਸਥਾਪਨਾ ਕਰ ਦਿੱਤੀ । ਕਿਉਂਜੋ ਸਰਦਾਰ ਰਿਆਸਤੀ ਲੋਕਾਂ ਦੇ, ਵਿਸ਼ੇਸ਼ ਕਰਕੇ ਰਿਆਸਤ ਪਟਿਆਲਾ ਦੀ ਜਨਤਾ ਦੇ ਮੰਨੇ ਪ੍ਰਮੰਨੇ ਆਗੂ ਸਨ, ਇਸ ਲਈ ਜਦੋਂ 1928 ਵਿਚ ਇਸ ਇਲਾਕੇ ਵਿਚ ਪਰਜਾ ਮੰਡਲ ਨੇ ਜਨਮ ਲਿਆ, ਤਾਂ ਇਹ ਸੁਭਾਵਕ ਹੀ ਸੀ ਕਿ ਸਰਦਾਰ ਸਾਹਿਬ ਇਸ ਨਵੀਂ ਸੰਸਥਾ ਦੀ ਵੀ ਜਿੰਦ-ਜਾਨ ਬਣ ਜਾਂਦੇ । ਸ. ਸੇਵਾ ਸਿੰਘ ਪਟਿਆਲਾ ਪਰਜਾ ਮੰਡਲ ਦੇ ਬਾਨੀ ਪ੍ਰਸਿੱਧ ਸਨ ।

ਪਰਜਾ ਮੰਡਲ ਦੇ ਮੁੱਖ ਉੱਦੇਸ਼ ਲਗਭਗ ਉਹੀ ਸਨ ਜੋ ਅਕਾਲੀ ਦਲ ਦੇ ਸਨ । ਰਿਆਸਤ ਦੇ ਤਸ਼ੱਦਦ ਦੇ ਵਿਰੁੱਧ ਲੜਨਾ ਅਤੇ ਗ਼ਰੀਬ ਜਨਤਾ ਨੂੰ ਅਨੇਕ ਪ੍ਰਕਾਰ ਦੀਆਂ ਵਧੀਕੀਆਂ ਤੋਂ ਬਚਾਉਣਾ ਆਦਿ । ਹੁਣ ਸ. ਸੇਵਾ ਸਿੰਘ ਕੌਮੀ ਆਜ਼ਾਦੀ ਲਹਿਰ ਦਾ ਇਕ ਨੇਤਾ ਸੀ । ਉਸੇ ਸਾਲ ਦਸੰਬਰ 1929 ਦੇ ਅੰਤ ਵਿਚ ਆਲ ਇੰਡੀਆ ਕਾਂਗਰਸ ਕਮੇਟੀ ਦਾ ਸਾਲਾਨਾ ਅਧਿਵੇਸ਼ਨ ਲਾਹੌਰ ਵਿਚ ਹੋਣਾ ਨਿਯਤ ਹੋਇਆ ਸੀ । ਇਸ ਲਈ 24 ਨਵੰਬਰ, 1929 ਨੂੰ ਠੀਕਰੀਵਾਲੇ ਵਿਚ ਪਰਜਾ ਮੰਡਲ ਦੀ ਇਕ ਇਕੱਤਰਤਾ ਵਿਚ ਇਹ ਫ਼ੈਸਲਾ ਕੀਤਾ ਗਿਆ ਕਿ ਇਸ ਸਮਾਗਮ ਵਿਚ ਰਿਆਸਤੀ ਪਰਜਾ ਮੰਡਲ ਵਲੋਂ 500 ਦਾ ਜਥਾ ਸਰਦਾਰ ਜੀ ਦੀ ਅਗਵਾਈ ਵਿਚ ਲਾਹੌਰ ਭੇਜਿਆ ਜਾਵੇ । ਇਸ ਤੋਂ ਬਿਨਾਂ 27-28 ਜਨਵਰੀ, 1930 ਨੂੰ ਪੰਜਾਬ ਰਿਆਸਤੀ ਪਰਜਾ ਮੰਡਲ ਦੀ ਪਹਿਲੀ ਕਾਨਫ੍ਰੰਸ ਵੀ ਲਾਹੌਰ ਵਿਚ ਕਰਨ ਦਾ

77326
28/10/91

ਫ਼ੈਸਲਾ ਕੀਤਾ ਗਿਆ ਜਿਸ ਦੇ ਸਰਦਾਰ ਸੇਵਾ ਸਿੰਘ ਸੁਆਗਤੀ ਪ੍ਰਧਾਨ ਥਾਪੇ ਗਏ। ਉਪਰੋਕਤ ਫ਼ੈਸਲੇ ਅਨੁਸਾਰ ਕਾਂਗਰਸ ਦੇ ਸਾਲਾਨਾ ਜਲਸੇ ਤੇ ਸਰਦਾਰ ਜੀ ਪਰਜਾ ਮੰਡਲ ਦੇ 500 ਵਰਕਰਾਂ ਦਾ ਜਥਾ ਲੈ ਕੇ ਲਾਹੌਰ ਪਹੁੰਚੇ। ਉਨ੍ਹਾਂ ਨੇ ਕੌਮੀ ਨੇਤਾਵਾਂ ਨੂੰ ਮਿਲ ਕੇ ਪਟਿਆਲੇ ਵਿਚ ਬੀਤ ਰਹੇ ਹਾਲਾਤ ਤੋਂ ਜਾਣੂ ਕਰਵਾਇਆ।

ਪਟਿਆਲਾ ਰਿਆਸਤ ਵਿਚ ਹਾਲਾਤ ਸੱਚਮੁਚ ਬੜੇ ਗੰਭੀਰ ਹੁੰਦੇ ਜਾ ਰਹੇ ਸਨ। ਰਿਆਸਤ ਦੇ ਲੋਕ ਬੜੀ ਦੇਰ ਤੋਂ ਉਸ ਦੇ ਜ਼ੁਲਮਾਂ ਤੋਂ ਤੰਗ ਆਏ ਹੋਏ ਸਨ। ਪਰ ਇਨ੍ਹਾਂ ਨੂੰ ਰੋਕਣ ਦੀ ਕੋਈ ਸੂਰਤ ਨਜ਼ਰ ਨਹੀਂ ਆਉਂਦੀ ਸੀ। ਸਗੋਂ ਇਹ ਅਤਿਆਚਾਰ ਰੋਜ਼-ਬ-ਰੋਜ਼ ਵਧਦੇ ਜਾ ਰਹੇ ਸਨ। ਆਖ਼ਿਰ ਤੰਗ ਆ ਕੇ ਪਟਿਆਲਾ ਦੀ ਪਰਜਾ ਨੇ ਇਕ ਜ਼ਬਰਦਸਤ ਮੈਮੋਰੀਅਲ ਵਾਇਸਰਾਇ-ਹਿੰਦ ਕੋਲ ਭੇਜਿਆ ਜਿਸ ਵਿਚ ਮਹਾਰਾਜਾ ਪਟਿਆਲਾ ਦੇ ਅਤਿਆਚਾਰਾਂ ਦਾ ਵਰਣਨ ਕਰਦੇ ਹੋਏ ਇਹ ਮੰਗ ਕੀਤੀ ਗਈ ਕਿ ਰਿਆਸਤ ਪਟਿਆਲਾ ਦੇ ਪੀੜਿਤ ਲੋਕਾਂ ਦੀ ਰਖਿਆ ਕੀਤੀ ਜਾਵੇ। ਅੰਗ੍ਰੇਜ਼ੀ ਸਰਕਾਰ ਨੇ ਇਸ ਮੈਮੋਰੀਅਲ ਤੇ ਕੁਝ ਕਾਰਵਾਈ ਨਾ ਕੀਤੀ। ਪਰੰਤੂ ਆਲ ਇੰਡੀਆ ਸਟੇਟਸ ਪੀਪਲਜ਼ ਕਾਨਫ੍ਰੰਸ ਨੇ ਇਸ ਮੈਮੋਰੀਅਲ ਵਿਚ ਅੰਕਿਤ ਅਤਿਆਚਾਰਾਂ ਦੀ ਪੜਤਾਲ ਲਈ ਇਕ ਪੜਤਾਲੀਆ ਕਮੇਟੀ ਨਿਯੁਕਤ ਕੀਤੀ। ਇਸ ਪੜਤਾਲੀਆ ਕਮੇਟੀ ਨੇ ਕਈ ਦਿਨ ਪੰਜਾਬ ਵਿਚ ਰਹਿ ਕੇ ਅਤੇ ਰਿਆਸਤ ਦੇ ਗਿਰਦ ਚੱਕਰ ਲਾ ਕੇ ਹਾਲਾਤ ਇਕੱਠੇ ਕੀਤੇ ਅਤੇ ਆਪਣੀ ਰਿਪੋਰਟ ਇਕ ਛੋਟੀ ਜਿਹੀ ਪੁਸਤਕ ਦੇ ਰੂਪ ਵਿਚ ਪ੍ਰਕਾਸ਼ਿਤ ਕੀਤੀ ਜੋ 'ਇੰਡਾਈਟਮੈਂਟ ਔਫ ਪਟਿਆਲਾ' ਦੇ ਨਾਂ ਨਾਲ ਪ੍ਰਸਿਧ ਹੈ। ਇਸ ਰਿਪੋਰਟ ਵਿਚ ਮਹਾਰਾਜਾ ਪਟਿਆਲਾ ਦੇ ਵਿਰੁੱਧ 12 ਬਹੁਤ ਗੰਭੀਰ ਦੋਸ਼ ਲਾਏ ਗਏ ਅਤੇ ਉਨ੍ਹਾਂ ਦਾ ਸਬੂਤ ਪੇਸ਼ ਕਰ ਕੇ ਅੰਗ੍ਰੇਜ਼ੀ ਸਰਕਾਰ ਕੋਲੋਂ ਮੰਗ ਕੀਤੀ ਕਿ ਸਰਕਾਰ ਮਹਾਰਾਜਾ ਪਟਿਆਲਾ ਦੇ ਵਿਰੁੱਧ ਲੋੜੀਂਦੀ ਕਾਰਵਾਈ ਕਰੇ ਅਤੇ ਉਸ ਨੂੰ ਗੱਦੀ ਤੋਂ ਉਤਾਰੇ।

ਪਰ ਸਰਕਾਰ ਨੇ ਮਹਾਰਾਜੇ ਦੇ ਵਿਰੁੱਧ ਅਦਾਲਤੀ ਪੜਤਾਲ ਦਾ ਹੁਕਮ ਦੇਣ ਤੋਂ ਜਾਂ ਗੌਰਮਿੰਟ ਆਫ ਇੰਡੀਆ ਦੇ ਐਕਟ ਦੇ ਅਨੁਸਾਰ ਇਕ ਅਦਾਲਤੀ ਪੜਤਾਲੀਆ ਕਮੇਟੀ ਨਿਯੁਕਤ ਕਰਨ ਦੀ ਥਾਂ ਮਹਾਰਾਜਾ ਦੇ ਨਿਜੀ ਮਿੱਤਰ ਮਿ. ਫਿਟਸਪੈਟਰਿਕ ਨੂੰ ਪੜਤਾਲ ਕਰਨ ਦਾ ਹੁਕਮ ਕੀਤਾ। ਮਿ. ਫਿਟਸਪੈਟਰਿਕ ਪੰਜਾਬ ਦੀਆਂ ਰਿਆਸਤਾਂ ਦੇ ਗਵਰਨਰ ਜਨਰਲ ਦੇ ਏਜੰਟ ਸਨ ਅਤੇ ਮਹਾਰਾਜਾ ਸਾਹਿਬ ਨਾਲ ਉਨ੍ਹਾਂ ਦੇ ਚੰਗੇ ਨਿਜੀ ਸੰਬੰਧ ਸਨ ਜਿਸ ਕਰਕੇ ਸ਼ੁਰੂ ਤੋਂ ਹੀ ਇਹ ਪ੍ਰਤੱਖ ਸੀ ਕਿ ਇਹ ਕਮੇਟੀ ਆਜ਼ਾਦਾਨਾ ਤੌਰ ਤੇ ਪੜਤਾਲ ਨਹੀਂ ਕਰ ਸਕੇਗੀ। ਆਲ ਇੰਡੀਆ ਪੀਪਲਜ਼ ਕਾਨਫ੍ਰੰਸ ਨੂੰ ,ਫਿਟਸਪੈਟਰਿਕ ਪੜਤਾਲ' ਵਿਚ ਆਪਣਾ ਅਵਿਸ਼ਵਾਸ ਪ੍ਰਗਟ ਕਰਦੇ ਹੋਏ ਇਹ ਮੰਗ ਕੀਤੀ ਕਿ ਕੋਈ ਅਜਿਹਾ ਕਮਿਸ਼ਨ ਨਿਯੁਕਤ ਕੀਤਾ ਜਾਵੇ ਜੋ ਪੂਰੀ ਤਰ੍ਹਾਂ ਨਿਰਪੱਖ ਹੋਵੇ ਅਤੇ ਜਿਸ ਵਿਚ ਜਨਤਾ ਨੂੰ ਵਿਸ਼ਵਾਸ ਹੋਵੇ। ਪਰ ਸਰਕਾਰ ਨੇ ਇਸ ਦੀ ਕੋਈ ਪਰਵਾਹ ਨਾ ਕੀਤੀ। ਪਰਜਾ ਮੰਡਲ ਨੇ ਇਸ ਪੜਤਾਲ ਦਾ ਬਾਈਕਾਟ ਕਰਨ ਦਾ ਐਲਾਨ ਕਰ ਦਿਤਾ ਅਤੇ ਉਸ ਵਲੋਂ ਕੋਈ ਗਵਾਹ ਨਾ ਭੁਗਤਾਏ ਗਏ। ਪਰ ਰਿਆਸਤ ਦੇ ਕਰਮਚਾਰੀਆਂ ਨੇ ਆਪਣੇ ਵਲੋਂ ਬਹੁਤ ਸਾਰੇ ਗਵਾਹ ਭੇਜ ਕੇ ਆਪਣੇ

ਪੱਖ ਵਿਚ ਗਵਾਹੀਆਂ ਭੁਗਤਾ ਲਈਆਂ। ਅੰਤ ਨੂੰ ਮਿ. ਫਿਟਸਪੈਟਰਿਕ ਨੇ ਆਪਣਾ ਫ਼ੈਸਲਾ ਮਹਾਰਾਜਾ ਪਟਿਆਲਾ ਦੇ ਪੱਖ ਵਿਚ ਦੇ ਦਿੱਤਾ। 4 ਅਗਸਤ 1930 ਨੂੰ ਸਰਕਾਰ ਹਿੰਦ ਨੇ ਇਕ ਵਿਗਿਅਪਤੀ ਦੁਆਰਾ ਇਹ ਐਲਾਨ ਕੀਤਾ, "ਸਰਕਾਰ ਹਿੰਦ ਨੂੰ ਤਸੱਲੀ ਹੋ ਗਈ ਕਿ 'ਇੰਡਾਈਟਮੈਂਟ ਔਫ ਪਟਿਆਲਾ' ਵਿਚ ਜੋ ਦੋਸ਼ ਮਹਾਰਾਜਾ ਪਟਿਆਲਾ ਵਿਰੁੱਧ ਲਾਏ ਗਏ ਸਨ, ਉਹ ਸਭ ਨਿਰਮੂਲ ਸਨ ਅਤੇ ਉਨ੍ਹਾਂ ਦਾ ਮੰਤਵ ਕੇਵਲ ਮਹਾਰਾਜਾ ਸਾਹਿਬ ਨੂੰ ਬਦਨਾਮ ਕਰਨਾ ਸੀ।" ਇਸ ਪ੍ਰਕਾਰ ਸਰਕਾਰ ਨੇ ਮਹਾਰਾਜਾ ਸਾਹਿਬ ਨੂੰ ਬਰੀ ਕਰ ਦਿੱਤਾ।

ਸਰਕਾਰ ਦੇ ਇਸ ਰਾਵੱਈਏ ਨਾਲ ਪਰਜਾ ਮੰਡਲ ਦੇ ਵਿਚ ਹੋਰ ਵਧੇਰੇ ਰੋਸ ਜਾਗ ਪਿਆ। ਇਨਸਾਫ਼ ਲੈਣ ਲਈ ਵਧੇਰੇ ਕੁਰਬਾਨੀਆਂ ਅਤੇ ਮਜ਼ਬੂਤ ਜਥੇਬੰਦੀ ਦੀ ਲੋੜ ਸੀ। ਸਰਦਾਰ ਜੀ ਨੇ ਹੁਣ ਇਸ ਵਲ ਆਪਣਾ ਧਿਆਨ ਦੇ ਕੇ ਆਪਣਾ ਸਾਰਾ ਸਮਾਂ ਇਸ ਪਾਸੇ ਲਾ ਦਿੱਤਾ। ਇਥੇ ਅਸੀਂ ਇਹ ਕਹਿ ਦੇਣਾ ਉਚਿਤ ਸਮਝਦੇ ਹਾਂ ਕਿ ਸਰਦਾਰ ਜੀ ਹੁਣ ਲਗਭਗ ਬਾਕੀ ਦਾ ਸਭ ਕੰਮ ਛੱਡ ਕੇ ਪੂਰੀ ਤਰ੍ਹਾਂ ਪਰਜਾ ਮੰਡਲ ਦੇ ਪ੍ਰੋਗ੍ਰਾਮ ਵਿਚ ਹੀ ਜੁਟ ਗਏ।

ਇਸੇ ਸਮੇਂ ਸਰਦਾਰ ਸੇਵਾ ਸਿੰਘ ਨੇ ਬੜੀ ਦਿਲੇਰੀ ਅਤੇ ਨਿਰਭੈਤਾ ਨਾਲ ਆਪਣਾ ਸੰਘਰਸ਼ ਮੁੜ ਜਾਰੀ ਕਰਨ ਦਾ ਐਲਾਨ ਕਰ ਦਿੱਤਾ ਜਿਸ ਨਾਲ ਜਨਤਾ ਨੂੰ ਇਕ ਵਾਰੀ ਫਿਰ ਨਵਾਂ ਹਲੂਣਾ ਮਿਲਿਆ। ਉਨ੍ਹਾਂ ਨੇ ਅਪ੍ਰੈਲ 1930 ਤੋਂ ਥਾਂ ਥਾਂ ਤੇ ਜਲਸਿਆਂ ਦੀ ਇਕ ਲੜੀ ਜਾਰੀ ਕਰ ਦਿੱਤੀ ਜਿਸ ਵਿਚ ਥਾਂ ਥਾਂ ਤੇ ਜਾ ਕੇ ਉਨ੍ਹਾਂ ਨੇ ਪਰਜਾ ਮੰਡਲ ਦੀਆਂ ਮੰਗਾਂ ਦਾ ਪ੍ਰਗਟਾ ਕੀਤਾ। ਉਨ੍ਹਾਂ ਨੇ ਅਜਿਹਾ ਇਕ ਜਲਸਾ ਰਿਆਸਤ ਮਲੇਰਕੋਟਲਾ ਦੇ ਛਪਾਰ ਮੇਲੇ ਤੇ 24 ਅਪ੍ਰੈਲ, 1930 ਨੂੰ ਕੀਤਾ। ਇਸ ਜਲਸੇ ਵਿਚ ਕਈ ਮਤੇ ਪਾਸ ਕੀਤੇ ਗਏ ਜਿਨ੍ਹਾਂ ਵਿਚੋਂ ਇਕ ਮਤਾ ਇਹ ਸੀ ਕਿ ਮਹਾਰਾਜਾ ਪਟਿਆਲਾ ਦੇ ਵਿਰੁੱਧ ਇਕ ਜਥਾ ਵਾਇਸਰਾਇ ਕੋਲ ਸ਼ਿਮਲੇ ਭੇਜਿਆ ਜਾਵੇ।

**ਸਰਦਾਰ ਜੀ ਦਾ ਨਵਾਂ ਸੰਕਲਪ**

ਇਸ ਸਮੇਂ ਧੂਰੀ ਦੇ ਨਿਕਟ ਪਿੰਡ ਰਾਜੋ ਮਾਜਰੇ ਵਿਚ ਮੁਜ਼ਾਰਿਆਂ ਦਾ ਇਕ ਇਕੱਠ ਹੋਇਆ ਜਿਸ ਵਿਚ ਪੀੜਿਤ ਮੁਜ਼ਾਰਿਆਂ ਦੀ ਫ਼ਰਿਆਦ ਸਰਕਾਰ ਤਕ ਪਹੁੰਚਾਣ ਦਾ ਫ਼ੈਸਲਾ ਕੀਤਾ ਗਿਆ। ਸਰਦਾਰ ਸੇਵਾ ਸਿੰਘ ਜੀ ਮੁਜ਼ਾਰਿਆਂ ਦੇ ਇਕ ਪ੍ਰਤਿਨਿਧ ਮੰਡਲ ਨੂੰ ਨਾਲ ਲੈ ਕੇ ਲਾਹੌਰ ਸਰਦਾਰ ਸਰਦੂਲ ਸਿੰਘ ਕਵੀਸ਼ਰ ਦੀ ਕੋਠੀ ਜਾ ਕੇ ਮਿਲੇ। ਸਰਦਾਰ ਸਾਹਿਬ ਦੇ ਉੱਦਮ ਦੇ ਸਦਕੇ ਇਨ੍ਹਾਂ ਮੁਜ਼ਾਰਿਆਂ ਨੂੰ ਪਰਜਾ ਮੰਡਲ ਵਲੋਂ ਪੂਰੀ ਸਹਾਇਤਾ ਦਾ ਭਰੋਸਾ ਦਿਵਾਇਆ ਗਿਆ। ਇਸ ਤੋਂ ਬਿਨਾਂ ਪਰਜਾ ਮੰਡਲ ਦੀ 6 ਜੁਲਾਈ ਨੂੰ ਇਕ ਭਾਰੀ ਇਕੱਤਰਤਾ ਸਰਦਾਰ ਸਾਹਿਬ ਜੀ ਦੀ ਪ੍ਰਧਾਨਗੀ ਹੇਠ ਬੁਢਲਾਢੇ ਵਿਚ ਹੋਈ ਜਿਸ ਵਿਚ ਇਹ ਫੈਸਲਾ ਕੀਤਾ ਗਿਆ ਕਿ ਪੰਜਾਬ ਰਿਆਸਤੀ ਪਰਜਾ ਮੰਡਲ ਦੀ ਦੂਸਰੀ ਸਾਲਾਨਾ ਕਾਨਫ੍ਰੰਸ ਲੁਧਿਆਣੇ ਵਿਚ ਅਕਤੂਬਰ 1930 ਵਿਚ ਕੀਤੀ ਜਾਵੇ। ਇਸ ਤੋਂ ਬਿਨਾਂ ਰਿਆਸਤੀ ਪਰਜਾ

ਮੰਡਲ ਵਲੋਂ ਇਕ ਹਜ਼ਾਰ ਦਾ ਇਕ ਭਾਰੀ ਜਥਾ ਦਿੱਲੀ ਲੈ ਜਾਣ ਦਾ ਫ਼ੈਸਲਾ ਕੀਤਾ ਗਿਆ।

ਪੰਜਾਬ ਰਿਆਸਤੀ ਪਰਜਾ ਮੰਡਲ ਦਾ ਦੂਜਾ ਸਾਲਾਨਾ ਇਜਲਾਸ 12-13 ਅਕਤੂਬਰ, 1930 ਨੂੰ ਲੁਧਿਆਣੇ ਵਿਚ ਹੋਣਾ ਨਿਯਤ ਹੋਇਆ ਸੀ। ਸਰਦਾਰ ਸੇਵਾ ਸਿੰਘ ਜੀ ਇਸ ਕਾਨਫ੍ਰੰਸ ਦੀ ਸੁਆਗਤੀ ਕਮੇਟੀ ਦੇ ਪ੍ਰਧਾਨ ਸਨ। ਸਰਦਾਰ ਸੇਵਾ ਸਿੰਘ ਜੀ ਨੇ ਆਪਣੇ ਸੁਆਗਤੀ ਭਾਸ਼ਣ ਵਿਚ ਰਿਆਸਤ ਦੀ ਅੰਦਰੂਨੀ ਹਾਲਤ ਉਤੇ ਚਾਨਣਾ ਪਾਉਣ ਤੋਂ ਇਲਾਵਾ ਮੈਮੋਰੀਅਲ ਸੰਬੰਧੀ ਹੋਈ ਪੜਤਾਲ ਦੇ ਪਾਖੰਡ ਨੂੰ ਵੀ ਨੰਗਾ ਕੀਤਾ। ਉਨ੍ਹਾਂ ਨੇ ਐਲਾਨ ਕੀਤਾ ਕਿ ਮਹਾਰਾਜਾ ਪਟਿਆਲਾ ਦੇ ਵਿਰੁੱਧ ਨਾ ਤਾਂ ਸੰਘਰਸ਼ ਦਾ ਖ਼ਾਤਿਮਾ ਹੋਵੇਗਾ ਅਤੇ ਨਾ ਹੀ ਪ੍ਰਾਪੇਗੰਡਾ ਬੰਦ ਕੀਤਾ ਜਾਵੇਗਾ। ਸਗੋਂ ਇਹ ਲਹਿਰ ਇਸੇ ਪ੍ਰਕਾਰ ਅਤੇ ਉਦੋਂ ਤੀਕ ਜਾਰੀ ਰਹੇਗੀ ਜਦੋਂ ਤੀਕ ਕਿ ਇਨ੍ਹਾਂ ਸਾਰੇ ਦੋਸ਼ਾਂ ਦੀ ਤਲਾਫ਼ੀ ਨਾ ਹੋ ਜਾਵੇ ਜਿਹੜੇ ਕਿ ਮਹਾਰਾਜਾ ਪਟਿਆਲਾ ਦੇ ਵਿਰੁੱਧ ਲਾਏ ਅਤੇ ਸਿੱਧ ਕੀਤੇ ਜਾ ਚੁਕੇ ਹਨ।

## ਸਰਦਾਰ ਜੀ ਦੀ ਦੂਜੀ ਗ੍ਰਿਫ਼ਤਾਰੀ

ਇਸ ਕਾਨਫ੍ਰੰਸ ਦੇ ਸਮਾਪਤ ਹੋਣ ਪਿਛੋਂ ਸਰਦਾਰ ਸੇਵਾ ਸਿੰਘ ਜੀ ਵਾਪਸ ਠੀਕਰੀਵਾਲੇ ਆਏ ਜਿਥੇ ਉਨ੍ਹਾਂ ਨੂੰ ਉਪਰੋਕਤ ਸੁਆਗਤੀ ਭਾਸ਼ਣ ਦੀਆਂ ਕਾਪੀਆਂ ਰਿਆਸਤ ਪਟਿਆਲਾ ਵਿਚ ਵੰਡਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ। ਸਰਦਾਰ ਸੇਵਾ ਸਿੰਘ ਜੀ ਦੇ ਵਿਰੁੱਧ ਬਰਨਾਲੇ ਦੇ ਮੈਜਿਸਟ੍ਰੇਟ ਸਰਦਾਰ ਪ੍ਰੀਤਮ ਸਿੰਘ ਸਿੱਧੂ ਦੀ ਅਦਾਲਤ ਵਿਚ ਮੁਕੱਦਮਾ ਸ਼ੁਰੂ ਹੋਇਆ। 20 ਨਵੰਬਰ ਨੂੰ ਮੁਕੱਦਮੇ ਦੀ ਪਹਿਲੀ ਪੇਸ਼ੀ ਹੋਈ। ਸਰਦਾਰ ਜੀ ਵਲੋਂ ਸ੍ਰੀ ਦੁਨੀ ਚੰਦ ਐਡਵੋਕੇਟ ਮੁਕੱਦਮੇ ਦੀ ਪੈਰਵੀ ਕਰ ਰਹੇ ਸਨ। ਇਸ ਪੇਸ਼ੀ ਪਿਛੋਂ ਮੁਕੱਦਮੇ ਦੀ ਅਗਲੀ ਪੇਸ਼ੀ ਕਈ ਮਹੀਨੇ ਤੇ ਪਾ ਦਿੱਤੀ ਗਈ। ਇਸ ਦਾ ਮਤਲਬ ਕੇਵਲ ਸਰਦਾਰ ਜੀ ਨੂੰ ਤੰਗ ਕਰਨਾ ਸੀ। ਸੋ ਇਸ ਬੇ-ਇਨਸਾਫ਼ੀ ਵਿਰੁੱਧ ਉਨ੍ਹਾਂ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਮੁਕੱਦਮੇ ਦੀ ਦੂਸਰੀ ਪੇਸ਼ੀ ਤੇ ਸ੍ਰੀ ਦੁਨੀ ਚੰਦ ਆਪ ਨਾ ਆ ਸਕੇ। ਇਸ ਲਈ ਉਨ੍ਹਾਂ ਨੇ ਆਪਣੀ ਥਾਂ ਇਕ ਹੋਰ ਵਕੀਲ ਭੇਜਿਆ। ਇਸ ਪੇਸ਼ੀ ਪਿਛੋਂ ਲਗਾਤਾਰ ਤਿੰਨ ਪੇਸ਼ੀਆਂ ਹੋਈਆਂ ਜਿਨ੍ਹਾਂ ਪਿਛੋਂ ਸਰਦਾਰ ਜੀ ਨੂੰ ਦਸ ਸਾਲ ਦੀ ਸਖ਼ਤ ਕੈਦ ਅਤੇ 10 ਹਜ਼ਾਰ ਰੁਪਏ ਜੁਰਮਾਨਾ ਦੀ ਸਜ਼ਾ ਦਾ ਹੁਕਮ ਸੁਣਾਇਆ ਗਿਆ। ਸਜ਼ਾ ਹਾਈ ਕੋਰਟ ਵਿਚ ਅਪੀਲ ਕਰਨ ਤੇ ਘੱਟ ਕਰ ਕੇ 5 ਸਾਲ ਦੀ ਅਤੇ 5 ਹਜ਼ਾਰ ਰੁਪਏ ਜੁਰਮਾਨਾ ਰਹਿਣ ਦਿੱਤਾ ਗਿਆ। ਇਸ ਤਰ੍ਹਾਂ ਸਰਦਾਰ ਜੀ ਨੇ ਆਪਣੀ ਦੂਸਰੀ ਕੈਦ ਦਾ ਸਮਾਂ ਪਟਿਆਲਾ ਜੇਲ ਵਿਚ ਆਰੰਭ ਕੀਤਾ।

ਸਰਦਾਰ ਜੀ ਤੇ ਪਟਿਆਲਾ ਰਿਆਸਤ ਦੇ ਇਨ੍ਹਾਂ ਅਤਿਆਚਾਰਾਂ ਦਾ ਆਮ ਜਨਤਾ ਤੇ ਬੜਾ ਪ੍ਰਭਾਵ ਪਿਆ ਜਿਸ ਕਰਕੇ ਕਈ ਥਾਵਾਂ ਤੇ ਰਿਆਸਤ ਦੇ ਵਿਰੁੱਧ ਘਿਰਣਾ ਦੇ ਮਤੇ ਪਾਸ ਕਰ ਕੇ ਸਰਦਾਰ ਜੀ ਦੀ ਰਿਹਾਈ ਲਈ ਮੰਗਾਂ ਕੀਤੀਆਂ ਗਈਆਂ। ਸਰਦਾਰ ਸੇਵਾ ਸਿੰਘ ਜੀ ਦੇ ਸਾਥੀਆਂ ਨੇ ਹੁਣ ਇਹ ਫ਼ੈਸਲਾ ਕੀਤਾ ਕਿ ਰਿਆਸਤ ਦੇ ਘੋਰ ਅਤਿਆਚਾਰਾਂ ਦੀ ਜ਼ਿਆ

ਤਿਆਰ ਕਰ ਕੇ ਵਾਇਸਰਾਇ ਨੂੰ ਪੇਸ਼ ਕੀਤੀ ਜਾਵੇ ਅਤੇ ਸਰਦਾਰ ਸੇਵਾ ਸਿੰਘ ਦੀ ਰਿਹਾਈ ਦੀ ਮੰਗ ਤੇਜ਼ ਕੀਤੀ ਜਾਵੇ । ਇਕ ਅਜਿਹਾ ਮੈਮੋਰੀਅਲ ਵਾਇਸਰਾਇ ਦੇ ਨਾਂ ਤਿਆਰ ਕੀਤਾ ਗਿਆ ਜੋ ਅੰਗ੍ਰੇਜ਼ੀ ਜ਼ਬਾਨ ਵਿਚ ਛਪਵਾ ਕੇ ਦਿੱਲੀ ਵਿਚ ਵੰਡਿਆ ਗਿਆ । ਇਸ ਮੈਮੋਰੀਅਲ ਵਿਚ ਮਹਾਰਾਜਾ ਸਾਹਿਬ ਦੇ ਵਿਰੁੱਧ ਦਸ ਸੰਗੀਨ ਦੋਸ਼ ਲਾਏ ਗਏ ਅਤੇ ਮਹਾਰਾਜਾ ਵਿਰੁੱਧ ਨਿਰਪੱਖ ਪੜਤਾਲ ਦੀ ਮੰਗ ਕੀਤੀ ਗਈ । ਭਾਵੇਂ ਇਹ ਮੈਮੋਰੀਅਲ ਪਰਜਾ ਮੰਡਲ ਨੇ ਵਾਇਸਰਾਇ ਅੱਗੇ ਪੇਸ਼ ਕੀਤਾ ਸੀ, ਪਰ ਉਨ੍ਹਾਂ ਨੂੰ ਅਜਿਹਾ ਕੋਈ ਭੁਲੇਖਾ ਨਹੀਂ ਸੀ ਕਿ ਅੰਗ੍ਰੇਜ਼ੀ ਸਰਕਾਰ ਮਹਾਰਾਜਾ ਸਾਹਿਬ ਦੇ ਵਿਰੁੱਧ ਕੋਈ ਕਾਰਵਾਈ ਕਰੇਗੀ। ਇਹ ਮੈਮੋਰੀਅਲ ਤਾਂ ਕੇਵਲ ਮਹਾਰਾਜਾ ਦੇ ਵਿਰੁੱਧ ਪ੍ਰਚਾਰ ਕਰਨ ਲਈ ਤਿਆਰ ਕੀਤਾ ਗਿਆ ਜਾਪਦਾ ਹੈ ।

1931 ਵਿਚ ਮਹਾਰਾਜਾ ਭੂਪਿੰਦਰ ਸਿੰਘ ਗੋਲ ਮੇਜ਼ ਕਾਨਫ੍ਰੰਸ ਵਿਚ ਸ਼ਾਮਿਲ ਹੋਣ ਲਈ ਜਦੋਂ ਲੰਦਨ ਜਾ ਰਹੇ ਸਨ, ਤਾਂ ਬੰਬਈ ਤੋਂ ਜਹਾਜ਼ ਚੜ੍ਹਨ ਸਮੇਂ ਪਰਜਾ ਮੰਡਲ ਦੇ ਵਰਕਰਾਂ ਨੇ ਉਨ੍ਹਾਂ ਵਿਰੁੱਧ ਕਾਲੀਆਂ ਝੰਡੀਆਂ ਦੇ ਮੁਜ਼ਾਰੇ ਕੀਤੇ । ਕੁਝ ਚਿਰ ਪਿਛੋਂ ਜਦੋਂ ਮਹਾਰਾਜਾ ਸਾਹਿਬ ਗੋਲ ਮੇਜ਼ ਕਾਨਫ੍ਰੰਸ ਵਿਚ ਸ਼ਾਮਿਲ ਹੋ ਕੇ ਭਾਰਤ ਪਰਤਣ ਵਾਲੇ ਸਨ, ਤਾਂ ਉਨ੍ਹਾਂ ਨੇ ਆਪਣੀ ਨੀਤੀ ਵਿਚ ਕੁਝ ਤਬਦੀਲੀ ਲਿਆਉਣੀ ਉਚਿਤ ਸਮਝੀ। ਇਸੇ ਲਈ ਉਨ੍ਹਾਂ ਨੇ ਆਪਣੇ ਮੰਤ੍ਰੀ ਨਵਾਬ ਲਿਆਕਤ ਹਯਾਤ ਖਾਂ ਨੂੰ ਪਰਜਾ ਮਡਲ ਨਾਲ ਕੋਈ ਸਮਝੌਤਾ ਕਰ ਲੈਣ ਦਾ ਹੁਕਮ ਭੇਜਿਆ । ਨਵਾਬ ਸਾਹਿਬ ਨੇ ਸਰਦਾਰ ਹਰਚੰਦ ਸਿੰਘ ਜੇਜੀ ਨੂੰ ਇਸ ਕੰਮ ਵਿਚ ਸਹਾਇਤਾ ਲਈ ਆਖਿਆ। 27 ਫਰਵਰੀ 1931 ਨੂੰ ਸਰਦਾਰ ਹਰਚੰਦ ਸਿੰਘ ਜੇਜੀ ਨੇ ਪਰਜਾ ਮੰਡਲ ਦੇ ਦਫ਼ਤਰ ਲਾਹੌਰ ਵਿਚ ਪਹੁੰਚ ਕੇ ਮਹਾਰਾਜਾ ਸਾਹਿਬ ਵਿਰੁਧ ਵਿਖਾਵੇ ਬੰਦ ਕਰਨ ਲਈ ਅਤੇ ਸਮਝੌਤਾ ਕਰਨ ਲਈ ਗੱਲਬਾਤ ਸ਼ੁਰੂ ਕੀਤੀ । ਪਰਜਾ ਮੰਡਲ ਦੇ ਨੇਤਾਵਾਂ ਨੇ ਵਿਖਾਵੇ ਬੰਦ ਕਰਨ ਲਈ ਪਹਿਲੀ ਸ਼ਰਤ ਇਹ ਰੱਖੀ ਕਿ ਸਰਦਾਰ ਸੇਵਾ ਸਿੰਘ ਅਤੇ ਉਨ੍ਹਾਂ ਦੇ 15 ਸਾਥੀਆਂ ਨੂੰ, ਜੋ ਪਟਿਆਲੇ ਦੀਆਂ ਜੇਲ੍ਹਾਂ ਵਿਚ ਸੜ ਰਹੇ ਸਨ, ਬਿਨਾਂ ਕਿਸੇ ਸ਼ਰਤ ਤੋਂ ਰਿਹਾ ਕੀਤਾ ਜਾਵੇ ਅਤੇ ਪਟਿਆਲੇ ਦੀ ਪਰਜਾ ਦੀਆਂ ਹੋਰ ਤਕਲੀਫ਼ਾਂ ਵੀ ਦੂਰ ਕੀਤੀਆਂ ਜਾਣ ਕਿਉਂਕਿ ਮਹਾਰਾਜਾ ਸਾਹਿਬ ਅਤੇ ਉਨ੍ਹਾਂ ਦੇ ਕਰਮਚਾਰੀ ਇਸ ਸਮੇਂ ਪਰਜਾ ਮੰਡਲ ਨਾਲ ਸਮਝੌਤਾ ਕਰਨਾ ਉਚਿਤ ਸਮਝਦੇ ਸਨ, ਇਸ ਲਈ ਉਨ੍ਹਾਂ ਨੇ ਪਰਜਾ ਮੰਡਲ ਵਲੋਂ ਲਾਈਆਂ ਗਈਆਂ ਇਹ ਸ਼ਰਤਾਂ ਸ੍ਵੀਕਾਰ ਕਰਨ ਦਾ ਭਰੋਸਾ ਦਿਵਾਇਆ। ਇਸ ਸਮਝੌਤੇ ਅਨੁਸਾਰ 12 ਮਾਰਚ 1931 ਨੂੰ ਸਰਦਾਰ ਸਾਹਿਬ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਪਟਿਆਲੇ ਜੇਲ ਤੋਂ ਰਿਹਾ ਕਰ ਦਿੱਤਾ ਗਿਆ । ਉਸੇ ਦਿਨ ਨਵਾਬ ਲਿਆਕਤ ਹਯਾਤ ਖਾਂ ਨੇ ਸਰਦਾਰ ਜੀ ਨਾਲ ਇਕ ਮੁਲਾਕਾਤ ਕੀਤੀ ਜਿਸ ਵਿਚ ਪਰਜਾ ਮੰਡਲ ਦੀਆਂ ਮੰਗਾਂ ਪੂਰੀਆਂ ਕਰਨ ਲਈ ਇਕ ਮੀਟਿੰਗ ਛੇਤੀ ਹੀ ਕਰਨ ਦਾ ਭਰੋਸਾ ਦਿਵਾਇਆ । ਮਹਾਰਾਜਾ ਸਾਹਿਬ ਨਾਲ ਗੱਲਬਾਤ ਕਰ ਕੇ 25 ਮਾਰਚ ਨੂੰ ਇਹ ਮੀਟਿੰਗ ਕਰਨ ਦਾ ਫ਼ੈਸਲਾ ਹੋਇਆ ।

ਪਟਿਆਲੇ ਤੋਂ ਸਰਦਾਰ ਸੇਵਾ ਸਿੰਘ ਆਪਣੇ ਸਾਥੀਆਂ ਨਾਲ ਗੱਲਬਾਤ ਕਰਨ ਲਈ ਅਮਿਤਸਰ ਚਲੇ ਗਏ । ਅਮਿਤਸਰ ਵਿਚ ਗੱਲਬਾਤ ਦੇ ਦੌਰਾਨ ਇਹ ਫ਼ੈਸਲਾ ਹੋਇਆ ਕਿ

ਮਹਾਰਾਜਾ ਸਾਹਿਬ ਨਾਲ ਜਦੋਂ ਦੁਬਾਰਾ ਮੁਲਾਕਾਤ ਅਤੇ ਗੱਲਬਾਤ ਸ਼ੁਰੂ ਹੋਵੇ ਤਾਂ ਰਿਆਸਤ ਵਿਚ ਅਸੈਂਬਲੀ ਸਥਾਪਿਤ ਕਰਨ ਦੀ ਮੰਗ ਕੀਤੀ ਜਾਵੇ ਜਿਸ ਦੇ ਮੈਂਬਰ ਜਨਤਾ ਰਾਹੀਂ ਵੋਟਾਂ ਦੁਆਰਾ ਚੁਣੇ ਗਏ ਹੋਣ। ਮਹਾਰਾਜਾ ਸਾਹਿਬ ਦੇ ਬੁਲਾਵੇ ਤੇ ਸਰਦਾਰ ਸਾਹਿਬ ਗੱਲਬਾਤ ਕਰਨ ਲਈ 28 ਮਾਰਚ ਨੂੰ ਪਟਿਆਲੇ ਪੁੱਜੇ। ਪਰ ਜਦੋਂ ਅਸੈਂਬਲੀ ਦੀ ਮੰਗ ਮਹਾਰਾਜਾ ਸਾਹਿਬ ਦੇ ਸਾਹਮਣੇ ਰੱਖੀ ਗਈ, ਤਾਂ ਉਨ੍ਹਾਂ ਤੁਰੰਤ ਹੀ ਇਸ ਤੇ ਵਿਚਾਰ ਕਰਨ ਤੋਂ ਅਸਮਰਥਾ ਪ੍ਰਗਟ ਕੀਤੀ। ਸੋ ਇਸ ਪ੍ਰਕਾਰ ਪਰਜਾ ਮੰਡਲ ਅਤੇ ਮਹਾਰਾਜਾ ਸਾਹਿਬ ਦੇ ਦਰਮਿਆਨ ਗੱਲਬਾਤ ਟੁੱਟ ਗਈ।

## ਧੂਰੀ ਦਾ ਦੀਵਾਨ

ਮਹਾਰਾਜਾ ਪਟਿਆਲਾ ਦੀ ਧੱਕੇਸ਼ਾਹੀ ਵਿਰੁੱਧ ਪਰਜਾ ਮੰਡਲ ਦੇ ਸੰਘਰਸ਼ ਦੇ ਇਕ ਹੋਰ ਦੌਰ ਦਾ ਆਰੰਭ ਜੂਨ 1931 ਵਿਚ ਧੂਰੀ ਦੇ ਪ੍ਰਸਿੱਧ ਦੀਵਾਨ ਨਾਲ ਹੋਇਆ। ਇਹ ਦੀਵਾਨ ਉਥੋਂ ਦੇ ਅਕਾਲੀ ਦਲ ਨੇ ਸਰਦਾਰ ਸੇਵਾ ਸਿੰਘ ਜੀ ਦੀ ਪ੍ਰਧਾਨਗੀ ਹੇਠ ਕੀਤਾ ਸੀ। ਰਿਆਸਤ ਦੀ ਪੁਲੀਸ ਨੇ ਜ਼ਬਰਦਸਤੀ ਦੀਵਾਨ ਵਿਚ ਦਖ਼ਲ ਦੇ ਕੇ ਹੁੱਲੜ ਮਚਾ ਦਿੱਤੀ। ਅਕਾਲੀ ਦਲ ਦੇ ਵਰਕਰਾਂ ਅਤੇ ਪੁਲੀਸ ਦੇ ਵਿਚਕਾਰ ਹੱਥੋਪਾਈ ਸ਼ੁਰੂ ਹੋ ਗਈ ਜਿਸ ਵਿਚ ਬਹੁਤ ਸਾਰੇ ਲੋਕ ਫੱਟੜ ਹੋਏ। ਫੱਟੜ ਹੋਣ ਵਾਲਿਆਂ ਵਿਚ ਪੁਲੀਸ ਦਾ ਸਬ ਇੰਸਪੈਕਟਰ ਸਲਾਮਤ ਅਲੀ ਵੀ ਸੀ ਜਿਸ ਦੇ ਸਿਰ ਵਿਚ ਸੱਟ ਵੱਜੀ ਸੀ। ਇਸ ਤੋਂ ਉਪਰੰਤ ਪੁਲੀਸ ਨੇ ਸੰਗਤਾਂ ਉਤੇ ਭਾਰੀ ਅਤਿਆਚਾਰ ਕੀਤੇ ਅਤੇ ਇਸ ਦੀਵਾਨ ਨੂੰ ਤਿੱਤਰ ਬਿੱਤਰ ਕਰਨ ਦੇ ਪੂਰੇ ਯਤਨ ਕੀਤੇ ਪਰ ਦੀਵਾਨ ਬਾਕਾਇਦਾ ਸਜਿਆ ਰਿਹਾ, ਭਾਵੇਂ ਪੁਲੀਸ ਨੇ ਬਹੁਤ ਸਾਰੇ ਅਕਾਲੀ ਵਰਕਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਧੂਰੀ ਦੇ ਅਤਿਆਚਾਰਾਂ ਨੇ ਸਾਰੇ ਇਲਾਕੇ ਵਿਚ ਭਾਰੀ ਹਾਹਾਕਾਰ ਮਚਾ ਦਿੱਤਾ ਜਿਸ ਕਰਕੇ ਰੋਸ ਵਜੋਂ ਥਾਂ ਥਾਂ ਤੇ ਵਿਖਾਵੇ ਹੋਏ। ਇਸ ਤੋਂ ਕੁਝ ਚਿਰ ਬਾਅਦ ਭਦੌੜ ਵਿਚ ਇਕ ਕਾਨਫ੍ਰੰਸ ਹੋਈ ਜਿਸ ਵਿਚ ਉਥੋਂ ਦੇ ਮੁਜ਼ਾਰਿਆਂ ਨੇ ਆਪਣੀਆਂ ਮੰਗਾਂ ਰਿਆਸਤ ਅੱਗੇ ਰੱਖਣ ਦਾ ਫ਼ੈਸਲਾ ਕੀਤਾ। ਸਰਦਾਰ ਸੇਵਾ ਸਿੰਘ ਜੀ ਵੀ ਇਸ ਕਾਨਫ੍ਰੰਸ ਵਿਚ ਸ਼ਾਮਿਲ ਹੋਏ।

ਸਰਦਾਰ ਸੇਵਾ ਸਿੰਘ ਨੇ ਕੁਝ ਚਿਰ ਪਿਛੋਂ ਤੀਸਰੀ ਪੰਜਾਬ ਰਿਆਸਤੀ ਪਰਜਾ ਮੰਡਲ ਕਾਨਫ੍ਰੰਸ ਦੀਆਂ ਤਿਆਰੀਆਂ ਆਰੰਭ ਦਿੱਤੀਆਂ। ਇਹ ਤੀਜੀ ਕਾਨਫੰਸ 24-26 ਜੁਲਾਈ, 1931 ਨੂੰ ਸ਼ਿਮਲੇ ਵਿਚ ਹੋਣੀ ਨਿਯਤ ਹੋ ਚੁਕੀ ਸੀ। ਇਸ ਕਾਨਫ੍ਰੰਸ ਦੇ ਪ੍ਰਧਾਨ ਆਲ ਇੰਡੀਆ ਪੀਪਲਜ਼ ਕਾਨਫ੍ਰੰਸ ਦੇ ਉੱਘੇ ਨੇਤਾ ਸ੍ਰੀ ਯੁਤ ਅਮ੍ਰਿਤ ਲਾਲ ਠਾਕੁਰ ਚੁਣੇ ਜਾ ਚੁਕੇ ਸਨ। ਇਸ ਦੀ ਸੁਆਗਤੀ ਕਮੇਟੀ ਦੇ ਚੇਅਰਮੈਨ ਲਾਲਾ ਦੁਨੀ ਚੰਦ ਅੰਬਾਲਵੀ ਸਨ। ਇਸ ਤੋਂ ਬਿਨਾ ਸਰਦਾਰ ਸੇਵਾ ਸਿੰਘ, ਸਰਦਾਰ ਭਗਵਾਨ ਸਿੰਘ ਲੌਂਗੋਵਾਲੀਆ ਅਤੇ ਮੌਲਵੀ ਤਾਲਿਬ ਹੁਸੈਨ ਇਸ ਦੇ ਉੱਘੇ ਪ੍ਰਬੰਧਕਾਂ ਵਿਚੋਂ ਸਨ। ਸਰਦਾਰ ਸੇਵਾ ਸਿੰਘ ਨੇ ਫ਼ੈਸਲਾ ਕੀਤਾ ਕਿ ਰਿਆਸਤ ਪਟਿਆਲੇ ਵਲੋਂ ਇਕ ਜਥਾ ਸ਼ਿਮਲੇ ਪੈਦਲ ਭੇਜਿਆ ਜਾਵੇ ਜੋ ਰਸਤੇ ਵਿਚ ਆਪਣੀਆਂ ਮੰਗਾਂ ਦਾ ਪ੍ਰਚਾਰ ਕਰਦਾ ਜਾਵੇ। ਰਿਆਸਤ ਦੀ ਪੁਲੀਸ ਨੇ ਉਨ੍ਹਾਂ ਦੇ ਰਸਤੇ ਵਿਚ ਅਨੇਕ ਪ੍ਰਕਾਰ ਦੀਆਂ ਔਕੜਾਂ ਲਾਈਆਂ। ਇਸ ਦੇ ਬਾਵਜੂਦ ਇਹ ਜਥਾ ਡਿਗਦਾ ਢਹਿੰਦਾ

ਕਿਸੇ ਨਾ ਕਿਸੇ ਤਰ੍ਹਾਂ ਸ਼ਿਮਲੇ ਪਹੁੰਚ ਹੀ ਗਿਆ। ਪਟਿਆਲਾ ਰਿਆਸਤ ਦੇ ਕਰਮਚਾਰੀ ਨਹੀਂ ਚਾਹੁੰਦੇ ਸਨ ਕਿ ਰਿਆਸਤੀ ਪਰਜਾ ਮੰਡਲ ਦੀ ਇਹ ਤੀਸਰੀ ਕਾਨਫ੍ਰੰਸ ਸਫਲ ਹੋਵੇ । ਇਸ ਲਈ ਰਿਆਸਤ ਨੇ ਅਨੇਕ ਪ੍ਰਕਾਰ ਦੀਆਂ ਸਾਜ਼ਿਸ਼ਾਂ ਰਚੀਆਂ ਤਾਂ ਜੋ ਇਸ ਕਾਨਫ੍ਰੰਸ ਵਿਚ ਗੜਬੜ ਮਚਾਈ ਜਾਵੇ । ਇਨ੍ਹਾਂ ਸਾਜਿਸ਼ਾਂ ਵਿਚ ਪੰਜਾਬ ਸਰਕਾਰ ਦੇ ਕੁਝ ਅੰਗ੍ਰੇਜ਼ ਅਫ਼ਸਰ ਤੇ ਵਿਸ਼ੇਸ਼ ਕਰ ਕੇ ਵਿੱਤ-ਮੈਂਬਰ ਮਿਸਟਰ ਐਚ. ਡੀ. ਕਰੇਕ ਵੀ ਸ਼ਾਮਿਲ ਸਨ ।

ਇਕ ਪਹਿਲੋਂ ਬਣਾਈ ਸਕੀਮ ਅਨੁਸਾਰ ਗੁੰਡਿਆਂ ਨੇ ਕਾਨਫ੍ਰੰਸ ਦੇ ਗੇਟ ਤੇ ਹੱਲਾ ਬੋਲ ਕੇ ਗੜਬੜ ਮਚਾ ਦਿੱਤੀ। ਇਸ ਮੌਕੇ ਤੋਂ ਫ਼ਾਇਦਾ ਉਠਾ ਕੇ ਐਡੀਸ਼ਨਲ ਡੀ. ਸੀ. ਨੇ ਪੰਡਾਲ ਵਿਚ ਪਹੁੰਚ ਕੇ 144 ਦਫ਼ਾ ਦੇ ਅਧੀਨ ਕਾਨਫ੍ਰੰਸ ਸਮਾਪਤ ਕਰਨ ਦਾ ਹੁਕਮ ਦੇ ਦਿੱਤਾ ਅਤੇ ਪੰਡਾਲ ਤੇ ਪੁਲੀਸ ਨੇ ਕਬਜ਼ਾ ਕਰ ਲਿਆ। ਇਸ ਪ੍ਰਕਾਰ ਮਿਸਟਰ ਕਰੇਕ ਦੀ ਯੋਜਨਾ ਅਨੁਸਾਰ ਅੰਗ੍ਰੇਜ਼ੀ ਸਰਕਾਰ ਨੇ ਪਟਿਆਲਾ ਰਿਆਸਤ ਦੇ ਕਰਮਚਾਰੀਆਂ ਨਾਲ ਮਿਲ ਕੇ ਇਸ ਕਾਨਫ੍ਰੰਸ ਨੂੰ ਤਿੱਤਰ ਬਿੱਤਰ ਕਰ ਦਿੱਤਾ। ਪਰੰਤੂ ਸ਼ਾਮ ਨੂੰ ਉਸੇ ਥਾਂ ਤੇ ਇਕ ਭਾਰੀ ਇਕੱਤਰਤਾ ਕੀਤੀ ਗਈ ਜਿਸ ਵਿਚ ਕਾਨਫ੍ਰੰਸ ਦੇ ਪ੍ਰਬੰਧਕਾਂ ਨੇ ਡੀ. ਸੀ. ਅਤੇ ਐਸ. ਪੀ. ਉਤੇ ਲੱਖਾਂ ਰੁਪਏ ਪਟਿਆਲਾ ਰਿਆਸਤ ਤੋਂ ਰਿਸ਼ਵਤ ਲੈਣ ਦੇ ਦੂਸ਼ਣ ਲਾਏ। ਕੁਝ ਚਿਰ ਪਿਛੋਂ ਜਦੋਂ ਇਹ ਸਾਰਾ ਮਾਮਲਾ ਭਾਰਤ ਸਰਕਾਰ ਨੇ ਵਿਚਾਰਿਆ ਤਾਂ ਇਸ ਨੰਗੀ ਹੁੱਲੜਬਾਜ਼ੀ ਵਿਰੁੱਧ ਭਾਰਤ ਸਰਕਾਰ ਨੇ ਕਾਰਵਾਈ ਕਰਨੀ ਉਚਿਤ ਸਮਝੀ। ਜਾਪਦਾ ਹੈ ਭਾਰਤ ਸਰਕਾਰ ਨੇ ਪੰਜਾਬ ਸਰਕਾਰ ਤੋਂ ਪੁੱਛ-ਗਿੱਛ ਕੀਤੀ ਕਿ ਇਹ ਸਭ ਕੁਝ ਕਿਸ ਪ੍ਰਕਾਰ ਹੋਇਆ ਅਤੇ ਦੋਸ਼ੀ ਕਰਮਚਾਰੀ ਦੇ ਵਿਰੁੱਧ ਕਾਰਵਾਈ ਕਰਨ ਦੀ ਹਿਦਾਇਤ ਕੀਤੀ ਜਿਸ ਦੇ ਸਿੱਟੇ ਵਜੋਂ ਸ਼ਿਮਲੇ ਦੇ ਅੰਗ੍ਰੇਜ਼ ਡਿਸਟ੍ਰਿਕ ਮੈਜਿਸਟ੍ਰੇਟ ਨੂੰ ਮੌਕੂਫ਼ ਕਰ ਦਿੱਤਾ ਗਿਆ ਅਤੇ ਅੰਗ੍ਰੇਜ਼ ਐਸ. ਪੀ. ਨੇ ਆਪਣੇ ਵਿਰੁੱਧ ਪੜਤਾਲ ਤੋਂ ਘਬਰਾ ਕੇ ਜ਼ਹਿਰ ਖਾ ਕੇ ਆਤਮ ਹਤਿਆ ਕਰ ਲਈ। ਸੋ ਭਾਵੇਂ ਇਸ ਕਾਨਫ੍ਰੰਸ ਦਾ ਇਜਲਾਸ ਨਹੀਂ ਹੋਣ ਦਿੱਤਾ ਗਿਆ ਸੀ, ਪਰ ਇਸ ਦੇ ਪਰੋਖ ਸਿੱਟੇ ਬੜੇ ਨਿੱਗਰ ਨਿਕਲੇ ਜਿਸ ਨਾਲ ਰਿਆਸਤੀ ਪਰਜਾ ਦੇ ਹੌਸਲੇ ਬਹੁਤ ਵਧੇ ।

ਸ਼ਿਮਲਾ ਕਾਨਫ੍ਰੰਸ ਦੀ ਸਬਜੈਕਟਸ ਕਮੇਟੀ ਦੀ ਇਕ ਇਕੱਤਰਤਾ ਵਿਚ ਸ਼ਿਮਲੇ ਵਿਚ ਹੋਈ ਹੁੱਲੜਬਾਜ਼ੀ ਦੀ ਨਿਖੇਧੀ ਕੀਤੀ ਗਈ ਅਤੇ ਮਹਾਰਾਜਾ ਪਟਿਆਲਾ ਦੇ ਵਿਰੁੱਧ ਵੀ ਇਕ ਮਤਾ ਪਾਸ ਕੀਤਾ ਗਿਆ ਜਿਸ ਵਿਚ ਭਾਰਤ ਸਰਕਾਰ ਤੋਂ ਮਹਾਰਾਜਾ ਪਟਿਆਲਾ ਨੂੰ ਗਦੀ ਤੋਂ ਅਲਹਿਦਾ ਕਰਨ ਦੀ ਵੀ ਮੰਗ ਕੀਤੀ ਗਈ। ਇਥੇ ਇਹ ਕਹਿ ਦੇਣਾ ਜ਼ਰੂਰੀ ਹੈ ਕਿ ਅਜਿਹਾ ਮਤਾ ਆਲ ਇੰਡੀਆ ਪੀਪਲਜ਼ ਕਾਨਫ੍ਰੰਸ ਦੇ ਜੂਨ, 1931 ਵਿਚ ਬੰਬਈ ਹੋਏ ਸੈਸ਼ਨ ਵਿਚ ਪਾਸ ਕੀਤਾ ਗਿਆ ਸੀ।

### ਸੰਗਰੂਰ ਮੋਰਚਾ

ਇਨ੍ਹੀਂ ਦਿਨੀਂ ਰਿਆਸਤ ਜੀਂਦ ਵਿਚ ਜਨਤਾ ਤੇ ਭਾਰੀ ਅਤਿਆਚਾਰ ਹੋ ਰਹੇ ਸਨ। ਉਥੋਂ ਦੇ ਮਹਾਰਾਜਾ ਰਣਬੀਰ ਸਿਘ ਕੁਝ ਸਰੀਰਕ ਊਣਤਾਈਆਂ ਕਰ ਕੇ ਰਿਆਸਤ ਦੇ ਕੰਮ

ਕਾਜ ਵਿਚ ਉੱਕਾ ਹੀ ਦਿਲਚਸਪੀ ਨਹੀਂ ਲੈਂਦੇ ਸਨ ਅਤੇ ਰਿਆਸਤ ਦਾ ਸਾਰਾ ਬੰਦੋਬਸਤ ਉਨ੍ਹਾਂ ਦੇ ਚੀਫ ਮਿਨਿਸਟਰ ਡਾਕਟਰ ਬਿਹਾਰੀ ਲਾਲ ਢੀਂਗਰਾ ਦੇ ਹੱਥ ਸੀ। ਸੋ ਨਵੰਬਰ 1931 ਦੇ ਪਹਿਲੇ ਹਫ਼ਤੇ ਵਿਚ ਸੰਗਰੂਰ ਵਿਚ ਇਕ ਧਾਰਮਿਕ ਦੀਵਾਨ ਲਾਉਣ ਦਾ ਫ਼ੈਸਲਾ ਕੀਤਾ ਗਿਆ। ਇਹ ਦੀਵਾਨ ਸੰਗਰੂਰ ਦੇ ਸਿੰਘ ਸਭਾ ਗੁਰਦੁਆਰੇ (ਧੂਰੀ ਦਰਵਾਜ਼ੇ) ਵਿਚ ਲਾਇਆ ਜਾਣਾ ਸੀ। ਪਰ ਰਿਆਸਤ ਦੇ ਕਰਮਚਾਰੀਆਂ ਨੇ ਸਰਦਾਰ ਸੇਵਾ ਸਿੰਘ ਨੂੰ ਸ਼ਹਿਰ ਵਿਚ ਦਾਖ਼ਿਲ ਨਾ ਹੋਣ ਦਿੱਤਾ ਅਤੇ 4 ਨਵੰਬਰ ਨੂੰ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਤੋਂ ਬਿਨਾਂ ਗੁਰਦੁਆਰਾ ਸਾਹਿਬ ਨੂੰ ਸਰਕਾਰੀ ਤੌਰ ਤੇ ਜਿੰਦਾ ਲਾ ਦਿੱਤਾ ਗਿਆ। ਇਸ ਤੇ ਸਰਕਾਰ ਦੇ ਇਸ ਵਤੀਰੇ ਵਿਰੁੱਧ ਮੋਰਚਾ ਲਾਉਣ ਦਾ ਫ਼ੈਸਲਾ ਹੋਇਆ। ਸੈਂਕੜੇ ਵਰਕਰ ਗ੍ਰਿਫ਼ਤਾਰ ਹੋਏ। ਰਿਆਸਤ ਦੀ ਪੁਲੀਸ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਮੋਟਰਾਂ ਜਾਂ ਟਰੱਕਾਂ ਵਿਚ ਲੱਦ ਕੇ ਦੂਰ ਦੁਰਾਡੀਆਂ ਥਾਵਾਂ ਤੇ ਛੱਡ ਆਉਂਦੀ, ਪਰ ਇਹ ਸਿਦਕੀ ਸੂਰਮੇ ਦੁਬਾਰਾ ਗ੍ਰਿਫ਼ਤਾਰੀ ਦੇਣ ਲਈ ਵਾਪਸ ਪਹੁੰਚ ਜਾਂਦੇ। ਇਸ ਮੋਰਚੇ ਵਿਚ ਦੂਰ ਦੂਰ ਦੇ ਲੋਕਾਂ ਨੇ ਹਿੱਸਾ ਲਿਆ ਜਿਸ ਦਾ ਸੇਹਰਾ ਸਰਦਾਰ ਸੇਵਾ ਸਿੰਘ ਜੀ ਦੇ ਸਿਰ ਹੀ ਹੈ। ਇਹ ਮੋਰਚਾ ਕਈ ਮਹੀਨੇ ਚਲਦਾ ਰਿਹਾ। ਅੰਤ ਨੂੰ ਜਿੱਤ ਜਨਤਾ ਦੀ ਹੋਈ। ਰਿਆਸਤ ਦੇ ਚੀਫ ਮਿਨਿਸਟਰ ਡਾਕਟਰ ਬਿਹਾਰੀ ਲਾਲ ਢੀਂਗਰੇ ਨੇ ਸਰਦਾਰ ਸੇਵਾ ਸਿੰਘ ਦੀਆਂ ਸਭ ਮੰਗਾਂ ਜਨਵਰੀ 1932 ਵਿਚ ਪਰਵਾਨ ਕਰ ਕੇ ਗ੍ਰਿਫ਼ਤਾਰ ਕੀਤੇ ਹੋਏ ਅਕਾਲੀ ਵਰਕਰਾਂ ਨੂੰ ਰਿਹਾ ਕਰ ਦਿੱਤਾ। ਇਸ ਜਿੱਤ ਨੇ ਸਰਦਾਰ ਸੇਵਾ ਸਿੰਘ ਜੀ ਦੀ ਪ੍ਰਸਿੱਧੀ ਨੂੰ ਚਾਰ ਚੰਨ ਲਾ ਦਿੱਤੇ।

### ਮਹਾਰਾਜਾ ਪਟਿਆਲਾ ਵਿਰੁੱਧ ਨਵਾਂ ਮੈਮੋਰੀਅਲ

ਇਨ੍ਹਾਂ ਹੀ ਦਿਨਾਂ ਵਿਚ ਸਰਦਾਰ ਸਾਹਿਬ ਦੀ ਨਿਗਰਾਨੀ ਹੇਠ ਇਕ ਵਿਸ਼ਾਲ ਮੈਮੋਰੀਅਲ ਮਹਾਰਾਜਾ ਭੂਪਿੰਦਰ ਸਿੰਘ ਵਿਰੁੱਧ ਤਿਆਰ ਕੀਤਾ ਗਿਆ ਜੋ ਮਾਰਚ 1932 ਵਿਚ ਵਾਇਸਰਾਇ ਨੂੰ ਪੇਸ਼ ਕੀਤਾ ਗਿਆ। ਇਸ ਮੈਮੋਰੀਅਲ ਦੀਆਂ ਕਾਪੀਆਂ ਹੱਥਾਂ ਵਿਚ ਫੜ ਕੇ ਪਰਜਾ ਮੰਡਲ ਦੇ ਵਰਕਰ ਨੇ ਦਿੱਲੀ ਦੇ ਬਾਜ਼ਾਰਾਂ ਵਿਚੋਂ ਜਲੂਸ ਦੇ ਰੂਪ ਵਿਚ ਨਿਕਲੇ। ਪਰ ਦਿੱਲੀ ਦੀ ਪੁਲੀਸ ਨੇ ਇਨ੍ਹਾਂ ਸਾਰਿਆਂ ਵਰਕਰਾਂ ਨੂੰ ਗ੍ਰਿਫ਼ਤਾਰ ਕਰ ਲਿਆ। ਸਰਦਾਰ ਸੇਵਾ ਸਿੰਘ ਇਸ ਸਮੇਂ ਦਿੱਲੀ ਦੇ ਰਕਾਬਗੰਜ ਵਿਚ ਟਿਕੇ ਹੋਏ ਸਨ। ਉਨ੍ਹਾਂ ਨੇ ਵਾਇਸਰਾਇ ਨੂੰ ਰੋਸ ਵਜੋਂ ਇਨ੍ਹਾਂ ਗ੍ਰਿਫ਼ਤਾਰੀਆਂ ਦੇ ਵਿਰੁੱਧ ਤਾਰਾਂ ਦਿੱਤੀਆਂ ਸਨ ਜਿਸ ਦੇ ਨਤੀਜੇ ਵਜੋਂ ਇਸ ਜਥ ਦੇ ਸਾਰੇ ਮੈਂਬਰਾਂ ਨੂੰ ਰਿਹਾ ਕਰ ਦਿੱਤਾ ਗਿਆ।

### ਮਲੇਰਕੋਟਲੇ ਵਿਚ ਗ੍ਰਿਫ਼ਤਾਰੀ

ਹੁਣ ਵਾਰੀ ਰਿਆਸਤ ਮਲੇਰਕੋਟਲਾ ਦੀ ਸੀ। ਉਸ ਰਿਆਸਤ ਵਿਚ ਨਵਾਬਸ਼ਾਹੀ ਅਤੇ ਜਾਗੀਰਦਾਰਾਂ ਨੇ ਰਿਆਸਤ ਦੇ ਲੋਕਾਂ ਉਤੇ ਕਈ ਪ੍ਰਕਾਰ ਦੇ ਜ਼ੁਲਮ ਕਰਨੇ ਆਰੰਭ ਕਰ ਦਿੱਤੇ ਸਨ। ਵਾਹਕਾਂ ਨੂੰ ਜ਼ਮੀਨਾਂ ਤੋਂ ਬੇਦਖ਼ਲ ਕੀਤਾ ਜਾ ਰਿਹਾ ਸੀ। ਜ਼ਮੀਨ ਦੇ ਮਾਲਿਕਾਂ ਨੂੰ ਜਾਗੀਰਦਾਰਾਂ ਦੀ ਆਗਿਆ ਬਿਨਾਂ ਆਪਣੀ ਜ਼ਮੀਨ ਰਹਿਨ ਰੱਖਣ ਦੀ ਆਗਿਆ ਨਹੀਂ ਸੀ। ਉਹ ਕਈ ਤਰੀਕਿਆਂ ਨਾਲ ਪੈਸਾ ਬਟੋਰਦੇ ਸਨ। ਇਨ੍ਹਾਂ ਅਤਿਆਚਾਰਾਂ ਦੇ ਵਿਰੁੱਧ ਇਸ ਰਿਆਸਤ

ਵਿਚ ਬੜੀ ਦੇਰ ਤੋਂ ਸੰਘਰਸ਼ ਹੋ ਰਿਹਾ ਸੀ । ਰਿਆਸਤ ਨੇ ਪਿੰਡ ਕੁਠਾਲੇ ਵਿਚ ਬੜੇ ਜ਼ੁਲਮ ਕੀਤੇ ਸਨ ਜਿਸ ਦੇ ਸਿੱਟੇ ਵਜੋਂ 1927 ਵਿਚ ਕਈ ਵਿਅਕਤੀ ਸ਼ਹੀਦ ਹੋਏ ਸਨ ।

ਹੁਣ ਜਦੋਂ ਕੁਠਾਲਾ ਸ਼ਹੀਦੀ ਦਿਨ ਮਨਾਉਣ ਲਈ 17 ਜੁਲਾਈ, 1932 ਨੂੰ ਸਰਦਾਰ ਸੇਵਾ ਸਿੰਘ ਜੀ ਰਿਆਸਤ ਵਿਚ ਆਪਣੇ ਸਾਥੀਆਂ ਸਮੇਤ ਆਏ, ਤਾਂ ਪੁਲੀਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਲਗਭਗ ਤਿੰਨ ਮਹੀਨੇ ਜੇਲ ਵਿਚ ਰਖਿਆ । ਸਰਦਾਰ ਸਾਹਿਬ ਦੀ ਰਿਹਾਈ ਲਈ ਰਿਆਸਤ ਦੇ ਲੋਕਾਂ ਨੇ ਇਕ ਭਾਰੀ ਸਤਿਆਗ੍ਰਹਿ ਕੀਤਾ ਜਿਸ ਵਿਚ ਸੈਂਕੜੇ ਵਿਅਕਤੀਆਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ । ਇਹ ਮੋਰਚਾ ਦਸੰਬਰ 1932 ਤਕ ਜਾਰੀ ਰਿਹਾ ਅਤੇ ਅਖ਼ੀਰ ਵਿਚ ਨਵਾਬ ਸਾਹਿਬ ਨੂੰ ਝੁਕਣਾ ਪਿਆ । ਸਰਦਾਰ ਸੇਵਾ ਸਿੰਘ ਜੀ ਦੀ ਇਹ ਇਕ ਹੋਰ ਮਹਾਨ ਜਿੱਤ ਸੀ ।

### "ਦੇਸ਼ ਦਰਦੀ" ਦੀ ਸਥਾਪਨਾ

ਇਨ੍ਹਾਂ ਹੀ ਦਿਨਾਂ ਵਿਚ ਸਰਦਾਰ ਜੀ ਨੇ ਜੋ ਇਕ ਹੋਰ ਉਸਾਰੂ ਕੰਮ ਕੀਤਾ, ਉਹ ਪੰਜਾਬੀ ਭਾਸ਼ਾ ਦਾ ਇਕ ਨਵਾਂ ਸਪਤਾਹਕ ਪੱਤਰ "ਦੇਸ਼ ਦਰਦੀ" ਅਮ੍ਰਿਤਸਰ ਤੋਂ ਚਾਲੂ ਕਰਨਾ ਸੀ । ਇਸ ਪੱਤਰ ਦਾ ਉੱਦੇਸ਼ ਰਿਆਸਤੀ ਪਰਜਾ ਮੰਡਲ ਦੀ ਹਿਮਾਇਤ ਕਰ ਕੇ ਰਿਆਸਤਾਂ ਵਿਚ ਹੋ ਰਹੇ ਅਤਿਆਚਾਰਾਂ ਨੂੰ ਨੰਗਾ ਕਰਨਾ ਸੀ ।

### ਛੂਤ ਛਾਤ ਵਿਰੁੱਧ ਮੁਹਿੰਮ

15 ਜਨਵਰੀ 1933 ਨੂੰ ਸਰਦਾਰ ਜੀ ਲੁਧਿਆਣੇ ਜ਼ਿਲ੍ਹੇ ਦੇ ਰਾਇਕੋਟ ਪਿੰਡ ਟਾਹਲੀਆਣਾ ਗੁਰਦੁਆਰਾ ਸਾਹਿਬ ਪਹੁੰਚੇ ਜਿਥੇ ਕਾਂਗਰਸੀ ਵਰਕਰਾਂ ਦੀ ਇਕ ਇਕੱਤਰਤਾ ਹੋਈ । ਇਥੇ ਹੀ ਸਰਦਾਰ ਜੀ ਨੇ ਇਕ ਹੋਰ ਉਸਾਰੂ ਕੰਮ ਕੀਤਾ, ਭਾਵ ਛੂਤ-ਛਾਤ ਦੀ ਭੈੜੀ ਰਸਮ ਵਿਰੁੱਧ ਸੰਘਰਸ਼ ਕਰਨਾ । ਇਸ ਇਕੱਤਰਤਾ ਵਿਚ ਇਹ ਫ਼ੈਸਲਾ ਹੋਇਆ ਕਿ ਰਾਇਕੋਟ ਵਿਚ 'ਮਾਲਵਾ ਛੂਤ ਨਾਸ਼ਕ ਕਾਨਫ੍ਰੰਸ' ਕੀਤੀ ਜਾਵੇ । ਇਹ ਕਾਨਫ੍ਰੰਸ ਬਾਅਦ ਵਿਚ 25-26 ਮਾਰਚ, 1933 ਨੂੰ ਹੋਈ ।

### ਕਲਕੱਤੇ ਵਿਚ ਗ੍ਰਿਫ਼ਤਾਰੀ

ਫਰਵਰੀ 1933 ਵਿਚ ਸਰਦਾਰ ਸਾਹਿਬ "ਦੇਸ਼ ਦਰਦੀ" ਅਖ਼ਬਾਰ ਲਈ ਕੁਝ ਮਾਇਆ ਇਕੱਠੀ ਕਰਨ ਵਾਸਤੇ ਕਲਕੱਤੇ ਗਏ । ਇਨ੍ਹਾਂ ਨਾਲ ਕੁਝ ਹੋਰ ਨੇਤਾ ਜਿਵੇਂ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ, ਜਥੇਦਾਰ ਤਾਰਾ ਸਿੰਘ ਠੇਠਰ ਆਦਿ ਵੀ ਸਨ । ਕਲਕੱਤੇ ਵਿਚ ਸਰਦਾਰ ਜੀ ਸਰਦਾਰ ਨਿਰੰਜਣ ਸਿੰਘ ਤਾਲਿਬ ਦੇ ਘਰ ਠਹਿਰੇ । ਉਥੇ ਕਲਕੱਤੇ ਦੀ ਪੁਲੀਸ ਨੇ ਤਾਲਿਬ ਜੀ ਦੇ ਮਕਾਨ ਉਤੇ ਛਾਪਾ ਮਾਰ ਕੇ ਸਰਦਾਰ ਜੀ ਤੇ ਉਨ੍ਹਾਂ ਦੇ ਸਾਰੇ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਪਰ ਕੁਝ ਚਿਰ ਮਗਰੋਂ ਉਨ੍ਹਾਂ ਨੂੰ ਰਿਹਾ ਕਰ ਦਿੱਤਾ ਗਿਆ ।

## ਪਰਜਾ ਮੰਡਲ ਦੀ ਚੌਥੀ ਕਾਨਫ੍ਰੰਸ

ਇਨ੍ਹਾਂ ਹੀ ਦਿਨਾਂ ਵਿਚ ਪੰਜਾਬ ਰਿਆਸਤੀ ਪਰਜਾ ਮੰਡਲ ਦੀ ਚੌਥੀ ਕਾਨਫੰਸ ਦਾ ਇਜਲਾਸ ਵੀ ਦਿੱਲੀ ਵਿਚ ਹੋਣ ਦਾ ਫ਼ੈਸਲਾ ਹੋ ਚੁਕਾ ਸੀ। ਇਹ ਕਾਨਫ੍ਰੰਸ 5 ਤੋਂ 7 ਅਪ੍ਰੈਲ ਨੂੰ ਅਭਿਅੰਕਰ ਦੀ ਪ੍ਰਧਾਨਗੀ ਹੇਠ ਹੋਣੀ ਨਿਯਤ ਹੋਈ ਸੀ। ਪਰ ਉਨ੍ਹਾਂ ਦੇ ਅਚਾਨਕ ਬੀਮਾਰ ਪੈ ਜਾਣ ਕਰਕੇ ਇਸ ਦੀ ਪ੍ਰਧਾਨਗੀ ਸ੍ਰੀ ਏ. ਵੀ. ਪਟਵਰਧਨ (ਪੂਨਾ) ਨੇ ਕੀਤੀ। ਸਰਦਾਰ ਜੋ ਪੰਜਾਬ ਦੇ ਕੁਝ ਹੋਰ ਡੈਲੀਗੇਟਾਂ ਨਾਲ ਇਸ ਕਾਨਫ੍ਰੰਸ ਵਿਚ ਸ਼ਾਮਿਲ ਹੋਏ। ਪ੍ਰਧਾਨ ਦਾ ਭਾਰੀ ਜਲੂਸ ਕੱਢਿਆ ਗਿਆ ਜਿਸ ਵਿਚ ਰਾਜਿਆਂ ਮਹਾਰਾਜਿਆਂ ਵਿਰੁੱਧ ਨਾਅਰੇ ਲਾਏ ਗਏ। ਸੁਆਗਤੀ ਕਮੇਟੀ ਦੇ ਪ੍ਰਧਾਨ ਸ੍ਵਾਮੀ ਰਾਮਾ ਨੰਦ ਸਨਿਆਸੀ ਨੇ ਆਪਣੇ ਭਾਸ਼ਣ ਵਿਚ ਰਿਆਸਤਾਂ ਵਿਚ ਹੋ ਰਹੇ ਅਤਿਆਚਾਰਾਂ ਦਾ ਪਾਜ ਖੋਲ੍ਹਿਆ। ਉਨ੍ਹਾਂ ਨੇ ਮੰਗ ਕੀਤੀ ਕਿ ਰਾਜਿਆਂ ਤੇ ਮਹਾਰਾਜਿਆਂ ਤੇ ਭਾਰਤ ਸਰਕਾਰ ਚੰਗੀ ਤਰ੍ਹਾਂ ਕਾਬੂ ਪਾ ਕੇ ਉਨ੍ਹਾਂ ਨੂੰ ਠੀਕ ਰਾਸਤੇ ਤੇ ਲਿਆਵੇ। ਇਸ ਕਾਨਫ੍ਰੰਸ ਵਿਚ ਪੰਜਾਬ ਦੇ ਡੈਲੀਗੇਟ ਸਰਦਾਰ ਭਗਵਾਨ ਸਿੰਘ ਨੇ ਮਹਾਰਾਜਾ ਪਟਿਆਲਾ ਦੇ ਵਿਰੁੱਧ ਇਕ ਪ੍ਰਭਾਵਸ਼ਾਲੀ ਭਾਸ਼ਣ ਦਿੱਤਾ। ਰਿਆਸਤ ਪਟਿਆਲਾ ਸੰਬੰਧੀ ਇਕ ਮਤਾ ਵੀ ਪਾਸ ਕੀਤਾ ਗਿਆ ਜਿਸ ਵਿਚ ਗਵਰਨਰ ਜਨਰਲ ਤੋਂ ਮੰਗ ਕੀਤੀ ਗਈ ਕਿ ਉਹ ਹਾਈ ਕੋਰਟ ਦੇ ਤਿੰਨ ਜੱਜਾਂ ਨੂੰ ਰਿਆਸਤ ਪਟਿਆਲਾ ਦੇ ਮਾਮਲਿਆਂ ਦੀ ਬਦ-ਇੰਤਜ਼ਾਮੀ ਅਤੇ ਮਹਾਰਾਜਾ ਪਟਿਆਲਾ ਦੇ ਜ਼ਾਤੀ ਚਾਲ-ਚਲਣ ਵਿਰੁੱਧ ਲੱਗੇ ਦੋਸ਼ਾਂ ਦੀ ਪੜਤਾਲ ਕਰਨ ਵਾਸਤੇ ਨਿਯੁਕਤ ਕਰੇ। ਇਸ ਕਾਨਫ੍ਰੰਸ ਸਮੇਂ ਪੰਜਾਬ ਰਿਆਸਤੀ ਪਰਜਾ ਮੰਡਲ ਦੀ ਚੋਣ ਵੀ ਹੋਈ ਜਿਸ ਦੇ ਪ੍ਰਧਾਨ ਸਰਦਾਰ ਸੇਵਾ ਸਿੰਘ ਠੀਕਰੀਵਾਲਾ ਦੁਬਾਰਾ ਚੁਣੇ ਗਏ।

ਮਹਾਰਾਜਾ ਪਟਿਆਲਾ ਜੋ ਸਰਦਾਰ ਸੇਵਾ ਸਿੰਘ ਦੀਆਂ ਕਾਰਵਾਈਆਂ ਨੂੰ ਚਿਰਾਂ ਤੋਂ ਗਹੁ ਨਾਲ ਦੇਖਦੇ ਆ ਰਹੇ ਸਨ, ਹੁਣ ਅਜੇਹੇ ਮੌਕੇ ਦੀ ਤਲਾਸ਼ ਵਿਚ ਸਨ ਜਿਸ ਨਾਲ ਉਹ ਕਿਸੇ ਤਰ੍ਹਾਂ ਸੇਵਾ ਸਿੰਘ ਨੂੰ ਇਕ ਵਾਰੀ ਫਿਰ ਕੈਦ ਕਰ ਕੇ ਉਨ੍ਹਾਂ ਦਾ ਖ਼ਾਤਿਮਾ ਕਰ ਦੇਣ। ਇਸ ਕਾਨਫ੍ਰੰਸ ਵਿਚ ਹੋਈ ਮਹਾਰਾਜਾ ਦੀ ਨਿਖੇਧੀ ਨੇ ਇਹ ਸਪਸ਼ਟ ਕਰ ਦਿਤਾ ਸੀ ਕਿ ਜਿੰਨਾ ਚਿਰ ਸਰਦਾਰ ਸੇਵਾ ਸਿੰਘ ਗ੍ਰਿਫ਼ਤਾਰ ਨਹੀਂ ਕੀਤੇ ਜਾਂਦੇ, ਉਨ੍ਹਾਂ ਚਿਰ ਮਹਾਰਾਜਾ ਸਾਹਿਬ ਵਿਰੁੱਧ ਪ੍ਰਚਾਰ ਵੀ ਖ਼ਤਮ ਨਹੀਂ ਹੋ ਸਕਦਾ। ਪਰ ਸਰਦਾਰ ਸਾਹਿਬ ਉਸੇ ਨਿਡਰਤਾ ਨਾਲ ਆਪਣਾ ਕੰਮ ਬੜੀ ਤੇਜ਼ੀ ਨਾਲ ਕਰ ਰਹੇ ਸਨ।

ਦਿੱਲੀ ਕਾਨਫ੍ਰੰਸ ਤੋਂ ਲਗਭਗ ਦੋ ਢਾਈ ਮਹੀਨੇ ਪਿਛੋਂ ਅਮ੍ਰਿਤਸਰ ਵਿਚ "ਦੇਸ਼ ਦਰਦੀ" ਅਖ਼ਬਾਰ ਦੇ ਦਫ਼ਤਰ ਵਿਚ ਰਿਆਸਤੀ ਪਰਜਾ ਮੰਡਲ ਦੇ ਵਰਕਰਾਂ ਵਲੋਂ ਇਕ ਨਵਾਂ ਸੰਘਰਸ਼ ਚਾਲੂ ਕਰਨ ਦਾ ਫ਼ੈਸਲਾ ਕੀਤਾ ਗਿਆ। ਇਸ ਮੀਟਿੰਗ ਨੇ ਫ਼ੈਸਲਾ ਕੀਤਾ ਕਿ ਮਹਾਰਾਜਾ ਸਾਹਿਬ ਵਿਰੁੱਧ ਨਵੇਂ ਮੈਮੋਰੀਅਲ ਛਪਵਾ ਕੇ ਲਾਹੌਰ ਵਿਚ ਪੰਜਾਬ ਰਿਆਸਤਾਂ ਦੇ ਪਲਿਟੀਕਲ ਏਜੰਟ ਦੇ ਦਫਤਰ ਦੇ ਸਾਹਮਣੇ ਵਿਖਾਵੇ ਕੀਤੇ ਜਾਣ। ਇਸ ਇਕੱਤਰਤਾ ਦੇ ਫ਼ੈਸਲੇ ਤੋਂ ਮਹਾਰਾਜਾ ਪਟਿਆਲਾ ਅਤੇ ਅੰਗ੍ਰੇਜ਼ੀ ਸਰਕਾਰ ਬਹੁਤ ਘਬਰਾ ਗਏ ਜਾਪਦੇ ਸਨ ਕਿਉਂਕਿ

ਸਰਕਾਰ ਨੇ 7 ਜੁਲਾਈ, 1933 ਨੂੰ ਸਰਦਾਰ ਸੇਵਾ ਸਿੰਘ ਜੀ ਅਤੇ ਹੋਰ ਵਰਕਰਾਂ ਨੂੰ 24 ਘੰਟਿਆਂ ਤੇ ਅੰਦਰ ਅੰਦਰ ਅਮ੍ਰਿਤਸਰ ਵਿਚੋਂ ਚਲੇ ਜਾਣ ਅਤੇ ਦੋ ਮਹੀਨਿਆਂ ਤਕ ਸਰਕਾਰ ਦੀ ਆਗਿਆ ਬਿਨਾਂ ਅਮ੍ਰਿਤਸਰ ਤੇ ਲਾਹੌਰ ਦੇ ਜ਼ਿਲ੍ਹਿਆਂ ਵਿਚ ਮੁੜ ਦਾਖ਼ਿਲ ਹੋਣ ਤੇ ਪਾਬੰਦੀਆਂ ਲਾ ਦਿੱਤੀਆਂ।

ਇਸ ਤੋਂ ਕੁਝ ਚਿਰ ਪਿਛੋਂ ਲੁਧਿਆਣੇ ਵਿਚ ਇਕ ਕਾਨਫੰਸ ਕੀਤੀ ਗਈ ਜਿਸ ਵਿਚ ਸਰਦਾਰ ਸੇਵਾ ਸਿੰਘ ਵੀ ਸ਼ਾਮਿਲ ਹੋਏ। ਇਸ ਕਾਨਫ੍ਰੰਸ ਵਿਚ ਰਿਆਸਤ ਪਟਿਆਲਾ ਦੇ ਵਿਰੁੱਧ ਸਰਦਾਰ ਭਗਵਾਨ ਸਿੰਘ ਲੌਂਗੋਵਾਲੀਆ ਨੇ ਇਕ ਬੜਾ ਤੀਖਣ ਭਾਸ਼ਣ ਦਿੱਤਾ ਜਿਸ ਵਿਚ ਮਹਾਰਾਜਾ ਸਾਹਿਬ ਦੇ ਨਿਜੀ ਆਚਰਣ ਤੇ ਬਹੁਤ ਦੋਸ਼ ਲਾਏ ਗਏ। ਸੋ ਇਕ ਪਾਸੇ ਸਰਦਾਰ ਸੇਵਾ ਸਿੰਘ ਲਗਾਤਾਰ ਆਪਣੀਆਂ ਕਾਰਵਾਈਆਂ ਜਾਰੀ ਰੱਖ ਰਹੇ ਸਨ ਅਤੇ ਦੂਸਰੇ ਪਾਸੇ ਮਹਾਰਾਜਾ ਸਾਹਿਬ ਉਨ੍ਹਾਂ ਦੀ ਗ੍ਰਿਫ਼ਤਾਰੀ ਦੀਆਂ ਗੋਂਦਾਂ ਗੁੰਦ ਰਹੇ ਸਨ। ਉਨ੍ਹਾਂ ਦੇ ਸਬਰ ਦਾ ਪਿਆਲਾ ਭਰ ਚੁਕਾ ਸੀ ਅਤੇ ਉਨ੍ਹਾਂ ਨੇ ਸਰਦਾਰ ਸੇਵਾ ਸਿੰਘ ਦੀ ਗ੍ਰਿਫ਼ਤਾਰੀ ਦੇ ਵਾਰੰਟ ਜਾਰੀ ਕਰ ਕੇ ਉਨ੍ਹਾਂ ਨੂੰ 24 ਅਗਸਤ 1933 (9 ਭਾਦੋਂ 1990 ਬਿਕ੍ਰਮੀ) ਨੂੰ ਠੀਕਰੀਵਾਲੇ ਵਿਚ ਉਨ੍ਹਾਂ ਦੀ ਹਵੇਲੀ ਤੇ ਗ੍ਰਿਫ਼ਤਾਰ ਕਰ ਲਿਆ।

**ਅੰਤਿਮ ਜੇਲ ਯਾਤਰਾ**

ਸਰਦਾਰ ਸਾਹਿਬ ਦੀ ਇਹ ਅੰਤਿਮ ਗ੍ਰਿਫ਼ਤਾਰੀ ਸੀ। ਸਰਦਾਰ ਸੇਵਾ ਸਿੰਘ ਦੀ ਇਸ ਗ੍ਰਿਫ਼ਤਾਰੀ ਲਈ ਦੋ ਦੋਸ਼ ਦੱਸੇ ਗਏ। ਪਹਿਲਾ ਇਹ ਕਿ ਉਨ੍ਹਾਂ ਨੇ ਖੜਿਆਲਾ ਅਕਾਲੀ ਕਾਨ-ਫ੍ਰੰਸ ਵਿਚ, ਜੋ 15-16 ਮਈ, 1932 ਨੂੰ ਹੋਈ ਸੀ, ਭਾਗ ਲੈ ਕੇ ਮਹਾਰਾਜਾ ਪਟਿਆਲਾ ਵਿਰੁੱਧ ਅੰਦੋਲਨ ਜਾਰੀ ਕੀਤਾ ਸੀ। ਦੂਸਰਾ ਇਹ ਕਿ ਉਨ੍ਹਾਂ ਨੇ ਪੰਜਾਬ ਰਿਆਸਤੀ ਪਰਜਾ ਮੰਡਲ ਦੀ ਚੌਥੀ ਕਾਨਫ੍ਰੰਸ (ਦਿੱਲੀ) ਵਿਚ ਹਿੱਸਾ ਲੈ ਕੇ ਸੰਮਤ 1988 ਦੀ ਹਿਦਾਇਤ ਦੀ ਉਲੰਘਣਾ ਕੀਤੀ ਸੀ। ਸਰਦਾਰ ਜੀ ਨੂੰ ਗ੍ਰਿਫ਼ਤਾਰ ਕਰ ਕੇ ਬਰਨਾਲੇ ਦੇ ਸਪੈਸ਼ਲ ਮੈਜਿਸਟ੍ਰੇਟ ਸਰਦਾਰ ਪ੍ਰੀਤਮ ਸਿੰਘ ਸਿੱਧੂ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਇਹ ਮੁਕੱਦਮਾ ਇਸ ਅਦਾਲਤ ਵਿਚ ਕਾਫ਼ੀ ਦੇਰ ਚਲਦਾ ਰਿਹਾ ਪਰ ਸਰਦਾਰ ਜੀ ਨੇ ਇਸ ਵਿਚ ਕੋਈ ਦਿਲਚਸਪੀ ਨਾ ਲਈ ਤੇ ਨਾ ਹੀ ਕੋਈ ਸਫ਼ਾਈ ਪੇਸ਼ ਕੀਤੀ। 11 ਜਨਵਰੀ, 1924 ਨੂੰ ਇਸ ਮੁਕੱਦਮੇ ਦਾ ਫ਼ੈਸਲਾ ਸੁਣਾ ਦਿੱਤਾ ਗਿਆ ਜਿਸ ਅਨੁਸਾਰ ਉਨ੍ਹਾਂ ਨੂੰ ਕੁਲ 7 ਸਾਲ ਦੀ ਕੈਦ ਤੇ 2,000 ਰੁਪਏ ਜੁਰਮਾਨਾ ਕੀਤਾ ਗਿਆ। ਇਸ ਫ਼ੈਸਲੇ ਤੋਂ ਫੌਰਨ ਬਾਅਦ ਸਰਦਾਰ ਜੀ ਨੂੰ ਪਟਿਆਲੇ ਜੇਲ ਵਿਚ ਬਦਲ ਦਿੱਤਾ ਗਿਆ।

**ਜੇਲ ਵਿਚ ਬੁਰਾ ਸਲੂਕ**

ਪਟਿਆਲੇ ਜੇਲ ਵਿਚ ਸਰਦਾਰ ਜੀ ਨਾਲ ਬਹੁਤ ਬੁਰਾ ਸਲੂਕ ਕੀਤਾ ਗਿਆ। ਉਨ੍ਹਾਂ ਨੂੰ ਕੁਮਾਰ ਹਾਤੇ ਵਿਚ ਰੱਖ ਕੇ ਅਨੇਕ ਪ੍ਰਕਾਰ ਦੇ ਤਸੀਹੇ ਦਿੱਤੇ ਗਏ। ਸਰਦਾਰ ਸਾਹਿਬ ਨੂੰ

ਮਿਲਣ ਦੀ ਕਿਸੇ ਨੂੰ ਆਗਿਆ ਨਹੀਂ ਸੀ । ਉਨ੍ਹਾਂ ਨੂੰ ਬਹੁਤ ਭੈੜੀ ਕਿਸਮ ਦਾ ਖਾਣਾ ਦਿੱਤਾ ਗਿਆ ਜਿਸ ਵਿਚ ਰੋੜ ਤੇ ਮਿੱਟੀ ਮਿਲੇ ਹੁੰਦੇ । ਸਬਜ਼ੀਆਂ ਵੀ ਬਹੁਤ ਬੁਰੀ ਤਰ੍ਹਾਂ ਬਣਾਈਆਂ ਗਈਆਂ ਹੁੰਦੀਆਂ ਸਨ । ਸਰਦਾਰ ਸੇਵਾ ਸਿੰਘ ਨੂੰ ਮੁਲਾਕਾਤ ਕਰਨ ਜਾਂ ਚਿੱਠੀ-ਪੱਤਰ ਲਿਖਣ ਦੀ ਵੀ ਆਗਿਆ ਨਹੀਂ ਸੀ । ਭੈੜੇ ਖਾਣੇ ਨੇ ਸਰਦਾਰ ਜੀ ਦੀ ਸਿਹਤ ਖ਼ਰਾਬ ਕਰ ਦਿੱਤੀ ਜਿਸ ਦੇ ਕਾਰਣ ਉਹ ਬੀਮਾਰ ਪੈ ਗਏ । ਉਨ੍ਹਾਂ ਨੇ ਰੋਟੀ ਲਿਆਉਣ ਵਾਲੇ ਦੇ ਰਾਹੀਂ ਡਾਕਟਰ ਨੂੰ ਸੁਨੇਹਾ ਭੇਜਿਆ ਪਰ ਉਨ੍ਹਾਂ ਨੂੰ ਕੋਈ ਦਵਾਈ ਨਹੀਂ ਦਿੱਤੀ ਗਈ । ਇਕ ਦਿਨ ਉਹ ਸ਼ਖ਼ਤ ਬੀਮਾਰ ਪੈ ਗਏ ਪਰ ਫਿਰ ਵੀ ਉਨ੍ਹਾਂ ਨੂੰ ਕੋਈ ਦਵਾਈ ਨਾ ਦਿੱਤੀ ਗਈ ।

### ਭੁੱਖ ਹੜਤਾਲ ਤੇ ਸ਼ਹੀਦੀ

ਅਜਿਹੇ ਵਤੀਰੇ ਤੋਂ ਤੰਗ ਆ ਕੇ ਸਰਦਾਰ ਜੀ ਨੇ 18 ਅਪ੍ਰੈਲ 1934 ਦੇ ਸਵੇਰੇ ਅੱਠ ਵਜੇ ਤੋਂ ਅੰਨ ਖਾਣਾ ਬੰਦ ਕਰ ਦਿੱਤਾ । ਫਿਰ ਇਕ ਦਿਨ ਜਦੋਂ ਉਹ ਬਹੁਤ ਕਮਜ਼ੋਰੀ ਦੇ ਕਾਰਣ ਬੇਹੋਸ਼ ਹੋ ਗਏ, ਤਾਂ ਜੇਲ੍ਹ ਵਿਚ ਇਹ ਅਫ਼ਵਾਹ ਫੈਲ ਗਈ ਕਿ ਉਹ ਮਰ ਗਏ ਹਨ । ਇਸ ਤੋਂ ਜੇਲ ਦੇ ਸਾਰੇ ਕੈਦੀਆਂ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਅਤੇ ਉਦੋਂ ਤੀਕ ਖਾਣਾ ਖਾਣ ਤੋਂ ਨਾਂਹ ਕਰ ਦਿੱਤੀ ਜਦੋਂ ਤੀਕ ਉਨ੍ਹਾਂ ਨੂੰ ਸਰਦਾਰ ਸੇਵਾ ਸਿੰਘ ਦੇ ਦਰਸ਼ਨ ਨਹੀਂ ਕਰਾਏ ਜਾਂਦੇ । ਭੁੱਖ ਹੜਤਾਲ ਨਾਲ ਦਿਨੋ ਦਿਨ ਉਨ੍ਹਾਂ ਦੀ ਹਾਲਤ ਖ਼ਰਾਬ ਹੁੰਦੀ ਜਾ ਰਹੀ ਸੀ । ਕੁਝ ਚਿਰ ਬਾਅਦ ਉਨ੍ਹਾਂ ਦੀ ਸਿਹਤ ਐਨੀ ਕਮਜ਼ੋਰ ਹੋ ਗਈ ਕਿ ਉਹ ਉਠ ਬੈਠ ਨਹੀਂ ਸਕਦੇ ਸਨ ਅਤੇ ਨਾ ਹੀ ਉਹ ਚੰਗੀ ਤਰ੍ਹਾਂ ਬੋਲ ਸਕਦੇ ਸਨ । ਉਨ੍ਹਾਂ ਦੀ ਇਸ ਹਾਲਤ ਕਾਰਣ ਉਨ੍ਹਾਂ ਦੇ ਵਾਰਿਸਾਂ ਨੇ ਉਨ੍ਹਾਂ ਦੀ ਰਿਹਾਈ ਵਾਸਤੇ ਸਿਰਤੋੜ ਯਤਨ ਸ਼ੁਰੂ ਕੀਤੇ । ਸ਼ਿਰੋਮਣੀ ਅਕਾਲੀ ਦਲ, ਅਮ੍ਰਿਤਸਰ ਨੇ ਵੀ ਸਰਕਾਰ ਨੂੰ ਸਰਦਾਰ ਸੇਵਾ ਸਿੰਘ ਦੀ ਰਿਹਾਈ ਲਈ ਬਹੁਤ ਤਾਰਾਂ ਦਿੱਤੀਆਂ । ਸਰਦਾਰ ਸਾਹਿਬ ਦੀ ਰਿਹਾਈ ਲਈ ਹੋ ਰਹੇ ਭਾਰੀ ਸੰਘਰਸ਼ ਦੇ ਬਾਵਜੂਦ ਪਟਿਆਲਾ ਸਰਕਾਰ ਨੇ ਨਾ ਤਾਂ ਉਨ੍ਹਾਂ ਨੂੰ ਰਿਹਾ ਕੀਤਾ ਅਤੇ ਨਾ ਹੀ ਕਿਸੇ ਨੂੰ ਉਨ੍ਹਾਂ ਨਾਲ ਮੁਲਾਕਾਤ ਕਰਨ ਦੀ ਆਗਿਆ ਦਿੱਤੀ ।

ਦੂਜੇ ਪਾਸੇ ਜੇਲ ਵਿਚ ਉਨ੍ਹਾਂ ਦੀ ਹਾਲਤ ਦਿਨ-ਬ-ਦਿਨ ਖ਼ਰਾਬ ਹੁੰਦੀ ਗਈ । ਭਾਵੇਂ ਸਰਕਾਰ ਨੇ ਉਨ੍ਹਾਂ ਨੂੰ ਜ਼ਬਰਦਸਤੀ ਕੁਝ ਖ਼ੁਰਾਕ ਦੇਣ ਦੇ ਯਤਨ ਕੀਤੇ ਪਰ ਇਸ ਨਾਲ ਉਨ੍ਹਾਂ ਦੀ ਡਿਗਦੀ ਸਿਹਤ ਵਿਚ ਕੋਈ ਫ਼ਰਕ ਨਾ ਪਿਆ ਅਤੇ ਉਹ ਹੌਲੀ ਹੌਲੀ ਸੁੱਕ ਕੇ ਕੇਵਲ ਹੱਡੀਆਂ ਦਾ ਪਿੰਜਰ ਰਹਿ ਗਏ । ਅੰਤ ਨੂੰ ਜਨਵਰੀ 1935 ਦੇ ਤੀਸਰੇ ਹਫ਼ਤੇ ਵਿਚ ਉਨ੍ਹਾਂ ਦੀ ਹਾਲਤ ਬਹੁਤ ਹੀ ਖ਼ਰਾਬ ਹੋ ਗਈ । 18 ਜਨਵਰੀ, 1936 ਨੂੰ ਉਨ੍ਹਾਂ ਨੂੰ ਖ਼ੂਨ ਦੀਆਂ ਉਲਟੀਆਂ ਆਉਣੀਆਂ ਸ਼ੁਰੂ ਹੋ ਗਈਆਂ । ਜੇਲ ਦੇ ਡਾਕਟਰ, ਡਾਕਟਰ ਜਗਦੀਸ਼ ਸਿੰਘ ਨੇ ਅਤੇ ਉਸ ਤੋਂ ਬਾਅਦ ਕਾਇਮ-ਮੁਕਾਮ ਡਾਇਰੈਕਟਰ ਆਫ ਮੈਡੀਕਲ ਸਰਵਿਸਿਜ਼, ਡਾਕਟਰ ਬੀਲ ਨੇ ਉਨ੍ਹਾਂ ਦਾ ਜੇਲ ਵਿਚ ਮੁਆਇਨਾ ਕੀਤਾ । 19 ਜਨਵਰੀ ਨੂੰ ਜੇਲ ਦੇ ਮੰਤ੍ਰੀ ਦੀਵਾਨ ਬਹਾਦਰ ਪਿੰਡਾ ਦਾਸ ਉਨ੍ਹਾਂ ਨੂੰ ਜੇਲ ਵਿਚ ਵੇਖਣ ਗਏ । ਉਸ ਵੇਲੇ ਸਰਦਾਰ ਸਾਹਿਬ ਦੀ ਹਾਲਤ ਬਹੁਤ ਖ਼ਰਾਬ ਹੋ

ਚੁਕੀ ਸੀ ਜਿਸ ਕਰਕੇ ਉਨ੍ਹਾਂ ਨੇ ਡਾਇਰੈਕਟਰ ਔਫ ਮੈਡਕੀਲ ਸਰਵਿਸਜ਼ ਡਾਕਟਰ ਸੀਲਿੰਗ ਨੂੰ ਬੁਲਾਇਆ। ਡਾਕਟਰ ਸੀਲਿੰਗ ਨੇ ਉਨ੍ਹਾਂ ਨੂੰ ਦੋ ਘੰਟੇ ਵੇਖ ਕੇ ਸਲਾਹ ਦਿੱਤੀ ਕਿ ਸਰਦਾਰ ਸਾਹਿਬ ਨੂੰ ਰਾਜਿੰਦਰਾ ਹਸਪਤਾਲ ਵਿਚ ਲੈ ਜਾਇਆ ਜਾਵੇ। ਸੋ 19 ਜਨਵਰੀ ਦੀ ਸ਼ਾਮ ਨੂੰ ਡਾਕਟਰ ਜਗਦੀਸ਼ ਸਿੰਘ ਸਰਦਾਰ ਸਾਹਿਬ ਨੂੰ ਮੋਟਰ ਲਾਰੀ ਵਿਚ ਪਾ ਕੇ ਰਾਜਿੰਦਰਾ ਹਸਪਤਾਲ ਵਿਚ ਲੈ ਗਏ।

ਹਸਪਤਾਲ ਵਿਚ ਉਨ੍ਹਾਂ ਨੂੰ ਹਰ ਪ੍ਰਕਾਰ ਦੀ ਡਾਕਟਰੀ ਸਹਾਇਤਾ ਦਿੱਤੀ ਗਈ ਪਰ ਹੁਣ ਉਨ੍ਹਾਂ ਦੀ ਹਾਲਤ ਬਹੁਤ ਖ਼ਰਾਬ ਹੋ ਚੁਕੀ ਸੀ। 19-20 ਜਨਵਰੀ ਦੀ ਦਰਮਿਆਨੀ ਰਾਤ ਨੂੰ (ਭਾਵ 20 ਜਨਵਰੀ ਦੇ ਸਵੇਰੇ) 1 ਵੱਜ ਕੇ 30 ਮਿੰਟ ਤੇ ਉਨ੍ਹਾਂ ਦਾ ਹਸਪਤਾਲ ਵਿਚ ਦੇਹਾਂਤ ਹੋ ਗਿਆ। ਇਸ ਪ੍ਰਕਾਰ ਰਿਆਸਤ ਪਟਿਆਲਾ ਦੇ ਅਤਿਆਚਾਰ ਸਹਿੰਦੇ ਹੋਏ ਸਰਦਾਰ ਜੀ ਨੇ ਸ਼ਹੀਦੀ ਪ੍ਰਾਪਤ ਕਰ ਲਈ।

ਸਰਦਾਰ ਸਾਹਿਬ ਦੀ ਮੌਤ ਦੇ ਕਾਰਣਾਂ ਸੰਬੰਧੀ ਮਤਭੇਦ ਹਨ। ਕੁਝ ਲੋਕਾਂ ਦਾ ਵਿਚਾਰ ਸੀ ਕਿ ਉਨ੍ਹਾਂ ਉਤੇ ਹਸਪਤਾਲ ਦੇ ਅੰਦਰ ਕਿਸੇ ਕਰਮਚਾਰੀ ਨੇ ਗ਼ਲਤੀ ਨਾਲ ਗਰਮ ਦੁੱਧ ਪਾ ਦਿੱਤਾ ਜਿਸ ਕਰਕੇ ਉਨ੍ਹਾਂ ਦੀ ਹਾਲਤ ਅਚਾਨਕ ਹੀ ਖ਼ਰਾਬ ਹੋ ਗਈ। ਕੁਝ ਅਜਿਹਾ ਵੀ ਸੁਣਿਆ ਜਾਂਦਾ ਹੈ ਕਿ ਉਨ੍ਹਾਂ ਨਾਲ ਜੇਲ ਵਿਚ ਸ਼ਰੀਰਕ ਤਸ਼ੱਦਦ ਕੀਤਾ ਗਿਆ ਜਿਸ ਕਰਕੇ ਉਹ ਕਾਲਵਾਸ ਹੋ ਗਏ। ਪਰ ਜਾਪਦਾ ਇਹ ਹੈ ਕਿ ਸਰਦਾਰ ਸਾਹਿਬ ਦੀ ਮੌਤ ਕੇਵਲ ਉਨ੍ਹਾਂ ਦੀ ਲੰਮੀ ਭੁੱਖ ਹੜਤਾਲ ਦੇ ਕਾਰਣ ਹੋਈ। ਇਸ ਸੰਬੰਧ ਵਿਚ ਜੋ ਸਾਨੂੰ ਪੋਸਟ ਮਾਰਟਮ ਦੀ ਰਿਪੋਰਟ ਅਤੇ ਹੋਰ ਗਵਾਹੀ ਮਿਲਦੀ ਹੈ, ਉਸ ਤੋਂ ਵੀ ਅਸੀਂ ਇਸ ਨਤੀਜੇ ਤੇ ਪੁਜਦੇ ਹਾਂ। ਸਰਦਾਰ ਸਾਹਿਬ ਦੀ ਮੌਤ ਸੰਬੰਧੀ ਸਰਕਾਰ ਨੇ ਜੋ ਇਕ ਹਾਸੋ-ਹੀਣੀ ਵਿਗਿਅਪਤੀ ਜਾਰੀ ਕੀਤੀ, ਉਸ ਤੋਂ ਸਰਕਾਰ ਨੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਸਰਦਾਰ ਸਾਹਿਬ ਦੀ ਮੌਤ ਦੰਦਾਂ ਦੀ ਬੀਮਾਰੀ ਦੇ ਕਾਰਣ ਸਿਹਤ ਕਮਜ਼ੋਰ ਹੋ ਕੇ ਦਿਲ ਦੀ ਧੜਕਨ ਬੰਦ ਹੋ ਜਾਣ ਨਾਲ ਹੋਈ। ਭਾਵ ਉਨ੍ਹਾਂ ਦੀ ਭੁੱਖ ਹੜਤਾਲ ਨੂੰ ਇਸ ਵਿਚ ਘੱਟ ਤੋਂ ਘੱਟ ਮਹੱਤਾ ਦਿੱਤੀ ਗਈ।

**ਅਸਥੀਆਂ**

ਸਰਦਾਰ ਜੀ ਦੇ ਦੇਹਾਂਤ ਦੀ ਸੂਚਨਾ ਬਰਨਾਲੇ ਦੇ ਨਾਜ਼ਿਮ ਰਾਹੀਂ ਸਰਦਾਰ ਜੀ ਦੇ ਰਿਸ਼ਤੇਦਾਰਾਂ ਨੂੰ ਠੀਕਰੀਵਾਲੇ 20 ਜਨਵਰੀ ਨੂੰ ਭੇਜੀ ਗਈ। ਸਰਦਾਰ ਜੀ ਦੇ ਅੰਤਿਮ ਸੰਸਕਾਰ ਪਿਛੋਂ ਉਨ੍ਹਾਂ ਦੇ ਸੰਬੰਧੀਆਂ ਨੇ ਸਰਦਾਰ ਜੀ ਦੀਆਂ ਅਸਥੀਆਂ ਲੈਣ ਲਈ ਪਟਿਆਲਾ ਸਰਕਾਰ ਨੂੰ ਬੇਨਤੀ ਕੀਤੀ। ਇਸ ਸੰਬੰਧ ਵਿਚ ਸੁਪਰਡੈਂਟ ਜੇਲ ਨੂੰ ਕਈ ਪਾਸਿਆਂ ਤੋਂ ਬਿਨੇ-ਪੱਤਰ ਤੇ ਤਾਰਾਂ ਭੇਜੀਆਂ ਗਈਆਂ ਪਰ ਅਧਿਕਾਰੀਆਂ ਨੇ ਪਹਿਲਾਂ ਵਾਇਦਾ ਕਰਨ ਦੇ ਬਾਵਜੂਦ ਅਸਥੀਆਂ ਨਾ ਦਿੱਤੀਆਂ।

ਜਾਪਦਾ ਇਹ ਹੈ ਕਿ ਪਟਿਆਲਾ ਸਰਕਾਰ ਸਰਦਾਰ ਸਾਹਿਬ ਦੀਆਂ ਅਸਥੀਆਂ ਇਸ

ਕਰਕੇ ਨਹੀਂ ਸੀ ਦੇਣਾ ਚਾਹੁੰਦੀ ਤਾਂ ਕਿ ਉਨ੍ਹਾਂ ਦਾ ਜਲੂਸ ਆਦਿ ਕੱਢ ਕੇ ਰਿਆਸਤ ਦੇ ਵਿਰੁੱਧ ਕੋਈ ਵਿਖਾਵੇ ਨਾ ਕੀਤੇ ਜਾਣ। ਇਹ ਵੀ ਜਾਪਦਾ ਹੈ ਕਿ ਸਰਦਾਰ ਜੀ ਦੀਆਂ ਅਸਥੀਆਂ ਨਾ ਦੇਣ ਦਾ ਅਸਲ ਕਾਰਣ ਇਹ ਸੀ ਕਿ ਸਰਕਾਰ ਇਹ ਚਾਹੁੰਦੀ ਸੀ ਕਿ ਲੋਕਾਂ ਵਿਚ ਜੋ ਇਹ ਅਫ਼ਵਾਹ ਉਡੀ ਹੋਈ ਹੈ ਕਿ ਸਰਦਾਰ ਜੀ ਨੂੰ ਜ਼ਹਿਰ ਦੇ ਕੇ ਮਾਰਿਆ ਗਿਆ ਹੈ, ਉਸ ਦੇ ਖੰਡਨ ਲਈ ਇਹ ਜ਼ਰੂਰੀ ਸੀ ਕਿ ਉਨ੍ਹਾਂ ਦੀਆਂ ਅਸਥੀਆਂ ਨੂੰ ਡਾਕਟਰੀ ਮੁਆਇਨੇ ਲਈ ਸੰਭਾਲ ਕੇ ਰੱਖੇ ਤਾਂ ਜੋ ਲੋੜ ਪੈਣ ਤੇ ਇਹ ਦਿਖਾਈਆਂ ਜਾ ਸਕਣ। ਨਹੀਂ ਤਾਂ ਜੇ ਸਰਕਾਰ ਕੇਵਲ ਭੈ ਕਰਕੇ ਹੀ ਇਹ ਅਸਥੀਆਂ ਨਹੀ ਦੇਣਾ ਚਾਹੁੰਦੀ ਸੀ, ਤਾਂ ਸਰਕਾਰ ਲਈ ਇਹ ਬਹੁਤ ਆਸਾਨ ਸੀ ਕਿ ਉਹ ਅਸਥੀਆਂ ਨੂੰ ਕਿਤੇ ਇਧਰ ਉਧਰ ਕਰ ਦੇਂਦੀ।

ਸਰਦਾਰ ਜੀ ਦੇ ਦੁਸਿਹਰੇ ਦਾ ਭੋਗ 17 ਮਾਘ ਨੂੰ ਪਿੰਡ ਠੀਕਰੀਵਾਲੇ ਵਿਚ ਸਰਦਾਰ ਸਾਹਿਬ ਦੀ ਹਵੇਲੀ ਵਿਚ ਪਾਇਆ ਗਿਆ ਜਿਸ ਦਾ ਭੋਗ ਭੋਤਨੇ ਵਾਲੇ ਸੰਤਾਂ ਨੇ ਪਾਇਆ। ਇਸ ਭੋਗ ਤੇ ਸਰਕਾਰ ਤੋਂ ਡਰ ਦੇ ਕਾਰਣ ਬਹੁਤ ਘੱਟ ਲੋਕ ਸ਼ਾਮਿਲ ਹੋਏ। ਸਰਕਾਰ ਦੀ ਇਹ ਨੀਤੀ ਮਹਾਰਾਜਾ ਭੁਪਿੰਦਰ ਸਿੰਘ ਦੀ ਹਕੂਮਤ ਦੇ ਅੰਤ (ਮਾਰਚ 1938) ਤੀਕ ਜਾਰੀ ਰਹੀ।

### ਨਵਾਂ ਮਹਾਰਾਜਾ—ਨਵਾਂ ਦੌਰ

ਪਰ ਰਿਆਸਤ ਪਟਿਆਲਾ ਦੇ ਨਵੇਂ ਹੁਕਮਰਾਨ ਮਹਾਰਾਜਾ ਯਾਦਵਿਦਰ ਸਿੰਘ ਦੇ ਗੱਦੀ ਤੇ ਬੈਠਣ ਨਾਲ ਰਿਆਸਤ ਦੇ ਸਿਆਸੀ ਜੀਵਨ ਵਿਚ ਇਕ ਭਾਰੀ ਪਲਟਾ ਆਇਆ। ਨਵੇਂ ਮਹਾਰਾਜਾ ਨੇ ਸਿਆਣਪ ਤੇ ਦੂਰ-ਦ੍ਰਿਸ਼ਟੀ ਤੋਂ ਕੰਮ ਲੈਂਦੇ ਹੋਏ ਜਨਤਾ ਦੀਆਂ ਕੁਝ ਯੋਗ ਮੰਗਾਂ ਵਲ ਧਿਆਨ ਦਿੱਤਾ ਅਤੇ ਕੁਝ ਹੋਰ ਲੋੜੀਂਦੇ ਸੁਧਾਰ ਵੀ ਕੀਤੇ। ਉਨ੍ਹਾਂ ਨੇ ਨਾ ਕੇਵਲ ਰਿਆਸਤ ਪਟਿਆਲਾ ਦੇ ਉੱਘੇ ਅਕਾਲੀ ਤੇ ਪਰਜਾ ਮੰਡਲ ਨੇਤਾ ਸਰਦਾਰ ਹਰਚੰਦ ਸਿੰਘ ਜੇਜੀ ਨਾਲ ਨਿਜੀ ਸੰਬੰਧ ਜੋੜ ਕੇ ਉਨ੍ਹਾਂ ਦੀ ਜ਼ਬਤ ਕੀਤੀ ਜਾਇਦਾਦ ਵਾਪਸ ਕੀਤੀ ਸਗੋਂ ਇਸ ਸਮੇਂ ਉਨ੍ਹਾਂ ਨੇ ਜਨਤਾ ਦੇ ਹਿਰਦਿਆਂ ਨੂੰ ਸ਼ਾਂਤ ਕਰਨ ਲਈ ਸਰਦਾਰ ਸੇਵਾ ਸਿੰਘ ਜੀ ਦੇ ਅਸਥ ਵੀ ਉਨ੍ਹਾਂ ਦੇ ਵਾਰਿਸਾਂ ਨੂੰ ਵਾਪਸ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਉਨ੍ਹਾਂ ਨੇ 18 ਦਸੰਬਰ 1938 ਨੂੰ ਸਰਦਾਰ ਸੇਵਾ ਸਿੰਘ ਜੀ ਦੇ ਸੰਬੰਧੀਆਂ, ਰਿਆਸਤੀ ਪਰਜਾ ਮੰਡਲ ਤੇ ਅਕਾਲੀ ਨੇਤਾਵਾਂ ਅਤੇ ਹੋਰ ਪਤਵੰਤਿਆਂ ਨੂੰ ਬੜੇ ਆਦਰ ਮਾਨ ਨਾਲ ਬੁਲਾ ਕੇ ਪਟਿਆਲਾ ਵਿਚ ਇਹ ਅਸਥ ਉਨ੍ਹਾਂ ਦੇ ਹਵਾਲੇ ਕੀਤੇ। ਅਸਥਾਂ ਨੂੰ ਪੂਰੀ ਗੁਰਮਰਿਆਦਾ ਅਨੁਸਾਰ ਸਰਕਾਰੀ ਰਾਖੀ ਤੋਂ ਲੈ ਕੇ ਇਕ ਸ਼ੀਸ਼ੇ ਵਾਲੇ ਬਕਸੇ ਵਿਚ ਪਾ ਕੇ ਸਰਕਾਰੀ ਮੋਟਰ ਵਿਚ ਫ਼ੌਜੀ ਬੈਂਡ ਤੇ ਫ਼ੌਜੀ ਸਿਲਾਮੀ ਪਿਛੋਂ ਠੀਕਰੀਵਾਲੇ ਨੂੰ ਭੇਜਿਆ ਗਿਆ। ਪਟਿਆਲੇ ਤੋਂ ਲੈ ਕੇ ਠੀਕਰੀਵਾਲੇ ਤੀਕ ਹਰ ਥਾਂ ਤੇ ਅਸਥਾਂ ਦਾ ਰਸਤੇ ਦੇ ਪਿੰਡਾਂ ਦੇ ਲੋਕਾਂ ਨੇ ਪੂਰੇ ਜੋਸ਼ ਨਾਲ ਅਤੇ ਉਤਸਾਹ ਨਾਲ ਨਿੱਘਾ ਸੁਆਗਤ ਕੀਤਾ।

ਇਹ ਜਲੂਸ 19 ਦਸੰਬਰ ਨੂੰ 2 ਵਜੇ ਦੁਪਿਹਰ ਨੂੰ ਠੀਕਰੀਵਾਲੇ ਪੁੱਜਾ। ਠੀਕਰੀਵਾਲੇ

ਵਿਚ ਦੂਰ ਦੂਰ ਦੇ ਪਿੰਡਾਂ ਦੇ ਲੋਕ ਇਕੱਠੇ ਹੋਏ ਸਨ ਜਿਨ੍ਹਾਂ ਨੇ ਇਸ ਸਮਾਗਮ ਤੇ ਭਾਸ਼ਣ ਦੇ ਕੇ ਸਰਦਾਰ ਜੀ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ । 23 ਦਸੰਬਰ 1938 ਨੂੰ ਸਰਦਾਰ ਜੀ ਦੇ ਅਸਥ ਰੇਲ ਗੱਡੀ ਰਾਹੀਂ ਸ੍ਰੀ ਕੀਰਤਪੁਰ ਸਾਹਿਬ ਭੇਜੇ ਗਏ ਜਿਥੇ 26 ਦਸੰਬਰ ਨੂੰ ਇਹ ਜਲ-ਪ੍ਰਵਾਹ ਕੀਤੇ ਗਏ ।

### ਯਾਦਗਾਰ ਕਾਇਮ ਕਰਨ ਲਈ ਮੁਢਲੇ ਯਤਨ

ਸਰਦਾਰ ਜੀ ਦੇ ਸ਼ਰਧਾਲੂਆਂ ਵਲੋਂ ਸਰਦਾਰ ਜੀ ਦੀ ਸ਼ਹੀਦੀ ਤੋਂ ਬਾਅਦ ਇਹ ਲਗਾਤਾਰ ਯਤਨ ਹੁੰਦੇ ਰਹੇ ਕਿ ਸਰਦਾਰ ਜੀ ਦੇ ਸਮਾਰਕ ਬਣਾਏ ਜਾਣ । ਪਰ ਰਿਆਸਤੀ ਕਰਮਚਾਰੀਆਂ ਦੇ ਵਿਰੋਧ ਅਤੇ ਪਰਜਾ ਮੰਡਲ ਦੀ ਅੰਦਰੂਨੀ ਫੁੱਟ ਨੇ ਇਹ ਯਤਨ ਸਿਰੇ ਨਾ ਚੜ੍ਹਨ ਦਿੱਤੇ । ਪੰਥ ਦੀਆਂ ਦੋ ਵੱਡੀਆਂ ਸੰਸਥਾਵਾਂ, ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਵੀ ਸਰਦਾਰ ਜੀ ਦੀ ਯਾਦਗਾਰ ਕਾਇਮ ਕਰਨ ਲਈ ਫ਼ੈਸਲੇ ਕੀਤੇ । ਦੂਜੇ ਪਾਸੇ ਪਟਿਆਲਾ ਰਿਆਸਤ ਦੇ ਕਰਮਚਾਰੀਆਂ ਦੀ ਵੀ ਇਹ ਲਗਾਤਾਰ ਕੋਸ਼ਿਸ਼ ਸੀ ਕਿ ਇਸ ਯਾਦਗਾਰ ਬਣਨ ਵਿਚ ਹਰ ਸੰਭਵ ਵਿਘਨ ਪਾਇਆ ਜਾਵੇ । ਸੋ ਸਰਦਾਰ ਸੇਵਾ ਸਿੰਘ ਦੀ ਯਾਦ ਬਣਾਉਣ ਦੀ ਇਹ ਰੀਝ ਲਗਭਗ 20 ਸਾਲ ਪੂਰੀ ਨਾ ਹੋ ਸਕੀ । ਅੰਤ 1955 ਵਿਚ ਜਦੋਂ ਸ੍ਰੀ ਬ੍ਰਿਸ਼ ਭਾਨ ਪੈਪਸੂ ਦੇ ਚੀਫ ਮਿਨਿਸਟਰ ਬਣੇ ਤਾਂ ਸਰਦਾਰ ਜੀ ਦਾ ਇਕ ਸੁੰਦਰ ਬੁਤ ਬਣਵਾ ਕੇ ਪਟਿਆਲਾ ਦੀ ਮਾਲ ਰੋਡ ਉਤੇ ਉਸ ਸੜਕ ਉਤੇ ਲਗਾਇਆ ਗਿਆ ਜੋ ਪਟਿਆਲੇ ਤੋਂ ਸੰਗਰੂਰ ਹੁੰਦੀ ਹੋਈ ਠੀਕਰੀਵਾਲੇ ਨੂੰ ਜਾਂਦੀ ਹੈ । ਇਸ ਤੋਂ ਇਲਾਵਾ 19 ਜਨਵਰੀ ਨੂੰ ਸ਼ਹੀਦੀ ਦਿਵਸ ਦੇ ਰੂਪ ਵਿਚ ਮਨਾਉਣ ਲਈ ਸਰਕਾਰੀ ਛੁੱਟੀ ਦਾ ਐਲਾਨ ਵੀ ਕੀਤਾ ਗਿਆ ।

ਇਸ ਵੱਡੀ ਯਾਦਗਾਰ ਤੋਂ ਬਿਨਾਂ ਠੀਕਰੀਵਾਲੇ ਦੇ ਨਿਵਾਸੀਆਂ ਨੇ ਬੜੀ ਦੇਰ ਤੋਂ ਆਪਣੇ ਪਿੰਡ ਵਿਚ ਸਰਦਾਰ ਜੀ ਦੀ ਯਾਦਗਾਰ ਕਾਇਮ ਕਰਨ ਦੇ ਯਤਨ ਛੋਹੇ ਹੋਏ ਸਨ । 20 ਦਸੰਬਰ 1938 ਨੂੰ ਜਦੋਂ ਸਰਦਾਰ ਜੀ ਦੇ ਅਸਥ ਠੀਕਰੀਵਾਲੇ ਲੈ ਜਾਏ ਗਏ ਤਾਂ ਠੀਕਰੀਵਾਲੇ ਦੇ ਵਸਨੀਕਾਂ ਨੇ ਸਰਬ-ਸੰਮਤੀ ਨਾਲ ਸਰਦਾਰ ਜੀ ਦੀ ਯਾਦ ਵਿਚ ਇਕ ਹਾਈ ਸਕੂਲ ਕਾਇਮ ਕਰਨ ਦਾ ਫ਼ੈਸਲਾ ਕੀਤਾ ਸੀ । ਇਸ ਕਾਰਜ ਦੀ ਪੂਰਤੀ ਦੀ ਜ਼ਿੰਮੇਵਾਰੀ ਸਰਦਾਰ ਉਜਾਗਰ ਸਿੰਘ ਭੌਰਾ ਨੂੰ ਦਿੱਤੀ ਗਈ ਜਿਨ੍ਹਾਂ ਨੇ ਆਪਣੇ ਸਾਥੀਆਂ ਨਾਲ ਮਿਲ ਕੇ 13 ਅਪ੍ਰੈਲ 1950 ਨੂੰ 'ਸ਼ਹੀਦ ਸੇਵਾ ਸਿੰਘ ਹਾਈ ਸਕੂਲ' ਜਾਰੀ ਕੀਤਾ ।

ਬਰਨਾਲੇ ਤੋਂ ਠੀਕਰੀਵਾਲੇ ਜਾਣ ਵਾਲੀ ਸੜਕ ਨੂੰ ਵੀ ਵਿਸ਼ੇਸ਼ ਤੌਰ ਤੇ ਪੱਕੀ ਬਣਾ ਕੇ ਇਸ ਦਾ ਨਾਂ 'ਸ਼ਹੀਦ ਸੇਵਾ ਸਿੰਘ ਰੋਡ' ਰਖਿਆ ਗਿਆ । ਇਸ ਦਾ ਫ਼ੈਸਲਾ ਸਰਦਾਰ ਪਰਤਾਪ ਸਿੰਘ ਕੈਰੋਂ, ਮੁੱਖ ਮੰਤ੍ਰੀ ਪੰਜਾਬ ਨੇ ਪਿੰਡ ਵਿਚ ਵਿਸ਼ੇਸ਼ ਤੌਰ ਤੇ ਜਾ ਕੇ ਭਾਰੀ ਸੰਗਤ ਵਿਚ ਕੀਤਾ ।

ਸਰਦਾਰ ਸੇਵਾ ਸਿਘ ਦੇ ਸ਼ਹੀਦੀ ਦਿਨ ਨੂੰ ਹਰ ਸਾਲ 18, 19 ਅਤੇ 20 ਜਨਵਰੀ

ਨੂੰ ਠੀਕਰੀਵਾਲੇ ਦੀ ਜਨਤਾ ਵਲੋਂ ਬੜੇ ਉਤਸਾਹ ਨਾਲ ਮਨਾਇਆ ਜਾਂਦਾ ਹੈ ਜਿਸ ਵਿਚ ਲਗਭਗ 1,00,000 ਵਿਅਕਤੀ ਦੂਰੋਂ ਨੇੜਿਓਂ ਹੁਮ ਹੁਮਾ ਕੇ ਆਉਂਦੇ ਹਨ। ਪਰ ਸਰਦਾਰ ਜੀ ਦੀ ਸਭ ਤੋਂ ਵੱਡੀ ਸਦੀਵੀ ਯਾਦ ਪੰਜਾਬੀਆਂ ਦੇ ਦਿਲਾਂ ਵਿਚ ਵਸਦੀ ਰਹੇਗੀ ਜਿਨ੍ਹਾਂ ਨੂੰ ਸਰਦਾਰ ਜੀ ਨੇ ਅਨੇਕ ਭਾਂਤ ਨਾਲ ਸੇਵਾ ਕਰ ਕੇ ਆਜ਼ਾਦ ਅਤੇ ਅਣਖੀਲੇ ਮਨੁੱਖ ਬਣਨ ਦੇ ਯੋਗ ਬਣਾਇਆ।

## ਸਰਦਾਰ ਸੇਵਾ ਸਿੰਘ ਜੀ ਦੀ ਦੇਣ

ਸਰਦਾਰ ਸੇਵਾ ਜੀ ਦੇ ਜੀਵਨ ਤੇ ਝਾਤ ਮਾਰਿਆਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਉਹ ਮੂਲ ਰੂਪ ਵਿਚ ਇਕ ਮਹਾਨ ਧਰਮੀ ਤੇ ਸੁੱਚੇ ਮਹਾਪੁਰਸ਼ ਸਨ। ਸ਼ੁਰੂ ਵਿਚ ਸਿਆਸੀ ਮੁਆਮਲਿਆਂ ਵਿਚ ਰੁਚੀ ਘੱਟ ਸੀ। ਪਰੰਤੂ ਹਾਲਾਤ ਨੇ ਉਨ੍ਹਾਂ ਨੂੰ ਸਿਆਸੀ ਮੁਆਮਲਿਆਂ ਵਿਚ ਉਲਝ ਜਾਣ ਤੇ ਮਜਬੂਰ ਕਰ ਦਿੱਤਾ। ਇਸ ਦੇ ਬਹੁਤ ਸਾਰੇ ਕਾਰਣ ਸਨ, ਪਰ ਸਭ ਤੋਂ ਪ੍ਰਮੁੱਖ ਕਾਰਣ ਉਸ ਵੇਲੇ ਦੀ ਸਰਕਾਰ ਵਲੋਂ ਹੋ ਰਹੇ ਲੋਕਾਂ ਤੇ ਅਨੇਕ ਪ੍ਰਕਾਰ ਦੇ ਅਤਿਆਚਾਰ ਸਨ।

ਸਰਦਾਰ ਸੇਵਾ ਸਿੰਘ ਨਿਮਰਤਾ, ਸੱਚ ਅਤੇ ਪਿਆਰ ਦੇ ਸੋਮੇ ਸਨ। ਆਪਣੇ ਦੁਸ਼ਮਣਾਂ ਨਾਲ ਲੜਦੇ ਹੋਏ ਭੀ ਭਾਈ ਘਨਈਏ ਵਾਂਗ ਉਨ੍ਹਾਂ ਨੂੰ ਦੁਸ਼ਮਣ ਨਹੀਂ ਸੀ ਸਮਝਦੇ ਸਗੋਂ ਉਸ ਨਾਲ ਭੀ ਪਿਆਰ ਅਤੇ ਨਿਮਰਤਾ ਦਾ ਵਰਤਾਉ ਕਰਨੋਂ ਨਹੀਂ ਸੀ ਝਿਜਕਦੇ। ਭਾਵੇਂ ਸਰਕਾਰ ਪਟਿਆਲਾ ਨੇ ਸਰਦਾਰ ਸਾਹਿਬ ਤੇ ਅਨੇਕ ਪ੍ਰਕਾਰ ਦੀਆਂ ਸਖ਼ਤੀਆਂ ਕੀਤੀਆਂ ਤਾਂ ਵੀ ਸਰਦਾਰ ਸਾਹਿਬ ਦੇ ਮੂੰਹੋਂ ਕਦੀ ਭੀ ਕਿਸੇ ਦੇ ਵਿਰੁੱਧ ਕੌੜਾ ਸ਼ਬਦ ਜਾਂ ਸਖ਼ਤ ਸ਼ਬਦ ਨਹੀਂ ਨਿਕਲਿਆ। ਸਗੋਂ ਵੇਖਣ ਵਿਚ ਆਇਆ ਹੈ ਕਿ ਉਨ੍ਹਾਂ ਨੇ ਸਦਾ ਹੀ ਬੜੇ ਠਰੰਮੇ ਅਤੇ ਨਿਮਰਤਾ ਨਾਲ ਮਹਾਰਾਜਾ ਸਾਹਿਬ ਨੂੰ ਸੰਬੋਧਨ ਕੀਤਾ ਅਤੇ ਹਮੇਸ਼ਾ ਇਹੀ ਆਸ ਕਰਦੇ ਰਹੇ ਕਿ ਮਹਾਰਾਜਾ ਸਾਹਿਬ ਅਖ਼ੀਰ ਵਿਚ ਠੀਕ ਮਾਰਗ ਤੇ ਆ ਜਾਣਗੇ। ਉਨ੍ਹਾਂ ਦਾ ਇਹ ਉੱਚਾ ਆਦਰਸ਼ ਆਪਣੇ ਸਾਥੀਆਂ ਲਈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਹਮੇਸ਼ਾ ਇਕ ਨਵਾਂ ਰਾਹ ਵਿਖਾਉਂਦਾ ਰਹੇਗਾ।

ਸਿਆਸਤ ਦੇ ਘੋਲ ਘੁਲਦੇ ਹੋਏ ਵੀ ਸਰਦਾਰ ਸਾਹਿਬ ਨੇ ਕਦੇ ਵੀ ਨਿਜੀ ਸੁਆਰਥ ਨੂੰ ਸਾਹਮਣੇ ਨਹੀਂ ਰੱਖਿਆ। ਉਨ੍ਹਾਂ ਦੀ ਸਾਦਗੀ, ਸ੍ਵ-ਤਿਆਗ ਅਤੇ ਨਿਮਰਤਾ ਦਾ ਇਹ ਹਾਲ ਸੀ ਕਿ ਉਨ੍ਹਾਂ ਨੇ ਆਪਣੇ ਸਿਆਸੀ ਜੀਵਨ ਵਿਚ ਸ਼ਾਇਦ ਕਦੇ ਵੀ ਕੋਈ ਭਾਸ਼ਣ ਜਾਂ ਅਖ਼ਬਾਰੀ ਬਿਆਨ ਨਹੀਂ ਸੀ ਦਿੱਤਾ। ਉਹ ਤੇ ਚੁੱਪ ਚਾਪ ਬੜੀ ਸ਼ਾਂਤੀ ਅਤੇ ਅਣਡਿੱਠੇ ਢੰਗ ਨਾਲ ਕੌਮ ਅਤੇ ਪੰਥ ਦੀ ਸੇਵਾ ਕਰਨਾ ਚਾਹੁੰਦੇ ਸਨ।

ਭਾਵੇਂ ਸਰਦਾਰ ਜੀ ਦਾ ਹਿਰਦਾ ਐਨਾ ਕੋਮਲ ਸੀ ਪਰ ਆਪਣੇ ਧਾਰਮਿਕ ਹਿਤਾਂ ਵਾਸਤੇ ਲੜਨ ਲਈ ਉਹ ਫ਼ੌਲਾਦ ਵਾਂਗ ਕਰੜੇ, ਮਜ਼ਬੂਤ ਤੇ ਸਥਿਰ ਸਨ। ਸਰਦਾਰ ਸਾਹਿਬ ਦੀ ਦ੍ਰਿੜਤਾ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਨੇ ਮਾਲਵੇ ਦੇ ਸੈਂਕੜੇ ਮਲਵਈਆਂ ਨੂੰ ਆਜ਼ਾਦੀ

ਦੀ ਜਾਗ ਲਾਈ । ਅਜਿਹੀ ਲਗਨ ਤੇ ਸਿਰੜ ਵਾਲਾ ਨੇਤਾ ਸ਼ਾਇਦ ਕਦੇ ਕਦਾਈਂ ਹੀ ਜ਼ਹੂਰ ਵਿਚ ਆਉਂਦਾ ਹੈ । ਇਨ੍ਹਾਂ ਦੇ ਜ਼ਹੂਰ ਤੋਂ ਪਹਿਲਾਂ ਮਾਲਵੇ ਦੇ ਲੋਕ ਮਾਨੋ ਜਨਮਾਂ ਜਨਮਾਂਤਰਾਂ ਤੋਂ ਸੁੱਤੇ ਪਏ ਸਨ । ਸਰਦਾਰ ਜੀ ਨੇ ਮਸੀਹਾ ਬਣ ਕੇ ਉਨ੍ਹਾਂ ਨੂੰ ਇਕ ਨਵਾਂ ਜੀਵਨ ਪ੍ਰਦਾਨ ਕੀਤਾ ।

## ਮਾਲਵ ਮੁਕਟ

ਸਰਦਾਰ ਸੇਵਾ ਸਿੰਘ ਨੂੰ ਜੇਕਰ ਮਾਲਵ ਮੁਕਟ ਕਿਹਾ ਜਾਵੇ, ਤਾਂ ਇਹ ਕੋਈ ਅਤਿ-ਕਥਨੀ ਨਹੀਂ ਹੋਵੇਗੀ । ਮਾਲਵੇ ਦੀ ਇਹ ਮਹਾਨ ਤੇ ਮਰਦਮਖ਼ੇਜ਼ ਧਰਤੀ, ਜਿਸ ਨੇ ਮਹਾਨ ਸੂਰਬੀਰ, ਯੋਧੇ ਤੇ ਸੰਤ ਪੈਦਾ ਕੀਤੇ ਸਨ, 19ਵੀਂ ਸਦੀ ਵਿਚ ਸ਼ਖ਼ਸੀ ਰਾਜੇ ਦੇ ਅਧੀਨ ਆ ਕੇ ਕੁਝ ਪਿਛੇ ਰਹਿ ਗਈ ਸੀ । ਇਸੇ ਕਾਰਣ ਇਥੋਂ ਦੀ ਜਨਤਾ ਰਾਜਸੀ, ਸਮਾਜਕ ਅਤੇ ਆਰਥਿਕ ਪੱਖ ਤੋਂ ਸਮਝੋ, ਦੁਆਬੇ ਅਤੇ ਪੋਠੋਹਾਰ ਆਦਿ ਦੇ ਇਲਾਕਿਆਂ ਤੋਂ ਬਹੁਤ ਪਛੜ ਗਈ ਸੀ । ਜਿਥੇ ਮਸਤੂਆਣੇ ਦੇ ਸੰਤ ਅਤਰ ਸਿੰਘ ਵਰਗੀ ਮਹਾਨ ਆਤਮਾ ਨੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਜਨਤਾ ਵਿਚ ਰੂਹਾਨੀਅਤ ਦਾ ਪ੍ਰਚਾਰ ਕਰ ਕੇ ਉਨ੍ਹਾਂ ਵਿਚ ਧਾਰਮਿਕ ਜਾਗ੍ਰਤੀ ਲਿਆਂਦੀ, ਉਥੇ ਸਰਦਾਰ ਸੇਵਾ ਸਿੰਘ ਵਰਗੇ ਮਹਾਨ ਨੇਤਾ ਨੇ ਆਪਣੀਆਂ ਘਾਲਾਂ ਦੁਆਰਾ ਉਨ੍ਹਾਂ ਵਿਚ ਸਿਆਸੀ ਆਜ਼ਾਦੀ ਲਈ ਚੇਤਨਤਾ ਅਤੇ ਸਮਾਜਕ ਨਿਆਂ ਅਤੇ ਸੁਧਾਰ ਲਈ ਉਤਸਾਹ ਪੈਦਾ ਕੀਤਾ ।

ਉਨ੍ਹਾਂ ਨੇ ਮਾਲਵੇ ਵਿਚ ਵਿਦਿਆ-ਪ੍ਰਚਾਰ ਲਈ ਕਈ ਸਕੂਲ ਖੋਲ੍ਹੇ ਅਤੇ ਕਈ ਇਕ ਸਮਾਜਕ ਕੁਰੀਤੀਆਂ ਦਾ ਵੀ ਖੰਡਨ ਕੀਤਾ । ਉਨ੍ਹਾਂ ਨੇ ਆਪਣੇ ਇਲਾਕੇ ਵਿਚ ਆਨੰਦ ਕਾਰਜ ਦਾ ਪ੍ਰਚਾਰ ਅਤੇ ਵਿਆਹ-ਸ਼ਾਦੀਆਂ ਵਿਚ ਫ਼ਜ਼ੂਲ-ਖ਼ਰਚੀ ਦਾ ਵਿਰੋਧ ਕੀਤਾ । ਭਾਵੇਂ ਉਹ ਇਕ ਪੱਕੇ ਸਿੱਖ ਸਨ ਪਰ ਉਨ੍ਹਾਂ ਦੇ ਦਿਲ ਵਿਚ ਕਦੇ ਵੀ ਸੰਪ੍ਰਦਾਇਕ ਵਿਚਾਰ ਨਾ ਆਏ ਅਤੇ ਉਨ੍ਹਾਂ ਉਤੇ ਹਿੰਦੂ ਅਤੇ ਮੁਸਲਮਾਨ ਭੀ ਇਸੇ ਤਰ੍ਹਾਂ ਹੀ ਕੁਰਬਾਨ ਹੋਣ ਲਈ ਤਿਆਰ ਸਨ ਜਿਵੇਂ ਕਿ ਸਿੱਖ ਉਨ੍ਹਾਂ ਲਈ ਆਪਣੀ ਜਿੰਦ-ਜਾਨ ਨਿਛਾਵਰ ਕਰਨ ਲਈ ਹਮੇਸ਼ਾ ਤਿਆਰ ਰਹਿੰਦੇ ਸਨ । ਉਨ੍ਹਾਂ ਨੇ ਮਾਲਵੇ ਦੇ ਲੋਕਾਂ ਨੂੰ ਸੰਗਠਿਤ ਕਰ ਕੇ ਉਨ੍ਹਾਂ ਨੂੰ ਦੇਸ਼ ਦੀ ਸਿਆਸੀ ਗੋਦ ਵਿਚ ਲਿਆਂਦਾ ।

ਆਧੁਨਿਕ ਮਾਲਵਾ ਬਹੁਤ ਹੱਦ ਤਕ ਸਰਦਾਰ ਸਾਹਿਬ ਦੀ ਹੀ ਦੇਣ ਹੈ ।

77326
28/10/91

